Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue -06 | Monday, January 10, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਡੌਨ ਵੈਲੀ ਪਾਰਕਵੇਅ ਉੱਤੇ ਹੋਏ ਹਾਦਸੇ ਵਿੱਚ ਤਿੰਨ ਜ਼ਖ਼ਮੀ



ਓਨਟਾਰੀਓ, 9 ਜਨਵਰੀ (ਪੋਸਟ ਬਿਊਰੋ) : ਡੌਨ ਵੈਲੀ ਪਾਰਕਵੇਅ ਉੱਤੇ ਹੋਏ ਹਾਦਸੇ ਵਿੱਚ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਨਾਜ਼ੁਕ ਹੈ।

ਸ਼ੁੱਕਰਵਾਰ ਨੂੰ ਸਵੇਰੇ 6:30 ਵਜੇ ਤੋਂ ਪਹਿਲਾਂ ਡੌਨ ਮਿੱਲਜ਼ ਰੋਡ ਨੇੜੇ ਪਾਰਕਵੇਅ ਦੇ ਦੱਖਣ ਵਾਲੇ ਪਾਸੇ ਵਾਪਰੇ ਇਸ ਹਾਦਸੇ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਇੰਜ ਲੱਗਦਾ ਹੈ ਕਿ ਗੱਡੀ ਉੱਤਰ ਵਾਲੀਆਂ ਲੇਨਜ਼ ਵੱਲ ਟਰੈਵਲ ਕਰ ਰਹੀ ਸੀ ਜਦੋਂ ਉਹ ਸੈਂਟਰ ਵਰਜ ਨਾਲ ਟਕਰਾਈ ਤੇ ਉਲਟ ਕੇ ਦੱਖਣ ਵਾਲੀਆਂ ਲੇਨਜ਼ ਵੱਲ ਚਲੀ ਗਈ।

ਪੁਲਿਸ ਨੇ ਆਖਿਆ ਕਿ ਤਿੰਨੇ ਜ਼ਖ਼ਮੀ ਹੋਏ ਵਿਅਕਤੀ ਉਸੇ ਗੱਡੀ ਵਿੱਚ ਹੀ ਸਵਾਰ ਸਨ ਤੇ ਉਨ੍ਹਾਂ ਵਿੱਚੋਂ ਹੀ ਦੋ ਗੱਡੀ ਵਿੱਚੋਂ ਬਾਹਰ ਜਾ ਡਿੱਗੇ। ਪੈਰਾਮੈਡਿਕਸ ਨੇ ਦੱਸਿਆ ਕਿ ਜ਼ਖ਼ਮੀਆਂ ਵਿੱਚੋਂ ਮਹਿਲਾ ਦੀ ਹਾਲਤ ਨਾਜ਼ੁਕ ਹੈ। ਦੋ ਹੋਰ ਵਿਅਕਤੀਆਂ, ਇੱਕ ਮਹਿਲਾ ਤੇ ਪੁਰਸ਼ ਨੂੰ ਵੀ ਗੰਭੀਰ ਸੱਟਾਂ ਲੱਗੀਆਂ ਹਨ। ਡੀਵੀਪੀ ਦੀਆਂ ਦੱਖਣ ਵਾਲੀਆਂ ਲੇਨਜ਼ ਐਗਲਿੰਟਨ ਐਵਨਿਊ ਤੋਂ ਬੇਅਵਿਊ/ਬਲੂਅਰ ਐਗਜ਼ਿਟ ਤੱਕ ਬੰਦ ਕੀਤੀ ਗਈ ਹੈ।

# ਨਿਊ ਯੌਰਕ ਦੀ ਰਿਹਾਇਸ਼ੀ ਬਿਲਡਿੰਗ ਵਿੱਚ ਲੱਗੀ ਅੱਗ ਕਾਰਨ 9 ਬੱਚਿਆਂ ਸਮੇਤ 19 ਹਲਾਕ



ਨਿਊ ਯੌਰਕ, 9 ਜਨਵਰੀ (ਪੋਸਟ ਬਿਊਰੋ) : ਠੰਢੀ ਯਖ਼ ਐਤਵਾਰ ਦੀ ਸਵੇਰ ਨੂੰ ਨੁਕਸਾਨੇ ਹੋਏ ਹੀਟਰ ਕਾਰਨ ਲੱਗੀ ਅੱਗ ਨਾਲ ਬਰੌਂਕਸ ਅਪਾਰਟਮੈਂਟ ਬਿਲਡਿੰਗ ਵਿੱਚ ਅੱਗ ਲੱਗ ਗਈ ਤੇ ਬਹੁ ਮੰਜ਼ਿਲਾ ਇਮਾਰਤ ਵਿੱਚ ਧੂੰਆਂ ਭਰ ਗਿਆ, ਜਿਸ ਕਾਰਨ ਨੌਂ ਬੱਚਿਆਂ ਸਮੇਤ 19 ਵਿਅਕਤੀਆਂ ਦੀ ਮੌਤ ਹੋ ਗਈ। ਤਿੰਨ ਦਹਾਕਿਆਂ ਵਿੱਚ ਨਿਊ ਯੌਰਕ ਸਿਟੀ ਦੀ ਇਹ ਸੱਭ ਤੋਂ ਖਤਰਨਾਕ ਅੱਗ ਸੀ।

ਅੱਗ ਹੇਠਲੀ ਮੰਜ਼ਿਲ ਤੋਂ ਸ਼ੁਰੂ ਹੋ ਕੇ ਉੱਪਰੀ ਮੰਜ਼ਿਲ ਵੱਲ ਵਧੀ। ਬਿਲਡਿੰਗ ਵਿੱਚ ਫਸੇ ਲੋਕਾਂ ਨੂੰ ਹਵਾ ਲਈ ਖਿੜਕੀਆਂ ਤੋੜਨੀਆਂ ਪਈਆਂ ਤੇ ਧੂੰਏ ਤੋਂ ਬਚਣ ਲਈ ਗਿੱਲੇ ਤੌਲੀਏ ਦਰਵਾਜ਼ਿਆਂ ਦੀਆਂ ਝੀਤਾਂ ਵਿੱਚ ਫਸਾਉਣੇ ਪਏ। ਕਈ ਬੱਚਿਆਂ ਨੂੰ ਬਿਲਡਿੰਗ ਤੋਂ ਬਾਹਰ ਲਿਆ ਕੇ ਆਕਸੀਜ਼ਨ ਲਾਈ ਗਈ ਤੇ ਬਿਲਡਿੰਗ ਤੋਂ ਬਾਹਰ ਆਏ ਬਹੁਤੇ ਲੋਕਾਂ ਦੇ ਮੂੰਹ ਕਾਲਖ ਨਾਲ ਭਰੇ ਹੋਏ ਸਨ।

ਫਾਇਰ ਕਮਿਸ਼ਨਰ ਡੈਨੀਅਲ ਨੀਗਰੋ ਨੇ ਆਖਿਆ ਕਿ ਫਾਇਰਫਾਈਟਰਜ਼ ਨੂੰ ਹਰੇਕ ਮੰਜ਼ਿਲ ਉੱਤੇ ਅਜਿਹੇ ਲੋਕ ਮਿਲੇ ਜਿਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਸੀ ਤੇ ਜਾਂ ਫਿਰ ਸਾਹ ਨਹੀਂ ਸੀ ਆ ਰਿਹਾ। ਕਈ ਲੋਕ ਸੰਘਣੇ ਧੂੰਏ ਵਿੱਚ ਫਸਣ ਕਾਰਨ ਆਪਣੀਆਂ ਜਾਨਾਂ ਨਹੀਂ ਬਚਾਅ ਸਕੇ। ਪੰਜ ਦਰਜਨ ਤੋਂ ਵੀ ਵੱਧ ਲੋਕਾਂ ਨੂੰ ਇਸ ਦੌਰਾਨ ਨੁਕਸਾਨ ਪਹੁੰਚਿਆ ਤੇ 13 ਵਿਅਕਤੀਆਂ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਫਾਇਰ ਕਮਿਸ਼ਨਰ ਨੇ ਦੱਸਿਆ ਕਿ ਬਹੁਤੇ ਲੋਕਾਂ ਨੂੰ ਧੂੰਆਂ ਚੜ੍ਹਨ ਕਾਰਨ ਤਕਲੀਫ ਹੋਈ।

ਮੇਅਰ ਐਰਿਕ ਐਡਮਜ਼ ਨੇ ਐਫਡੀਐਨਵਾਈ ਫਾਇਰਫਾਈਟਰਜ਼ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਆਪਣੇ ਆਕਸੀਜ਼ਨ ਟੈਂਕਜ਼ ਖ਼ਤਮ ਹੋਣ ਤੋਂ ਬਾਅਦ ਹੀ ਬਚਾਅ ਕਾਰਜ ਜਾਰੀ ਰੱਖੇ। ਐਡਮਜ਼ ਦੇ ਸੀਨੀਅਰ ਸਲਾਹਕਾਰ ਸਟੀਫਨ ਰਿੰਗਲ ਨੇ ਆਖਿਆ ਕਿ ਇਸ ਦੌਰਾਨ ਮਾਰੇ ਗਏ ਬੱਚਿਆਂ ਵਿੱਚ 16 ਸਾਲ ਤੇ ਇਸ ਤੋਂ ਨਿੱਕੀ ਉਮਰ ਦੇ ਬੱਚੇ ਸ਼ਾਮਲ ਸਨ। ਇੱਕ ਨਿਊਜ਼ ਕਾਨਫਰੰਸ ਵਿੱਚ ਐਡਮਜ਼ ਨੇ ਆਖਿਆ ਕਿ ਇਸ ਬਿਲਡਿੰਗ ਵਿੱਚ ਰਹਿਣ ਵਾਲਿਆਂ ਵਿੱਚ ਬਹੁਤੇ ਲੋਕ ਮੂਲ ਰੂਪ ਵਿੱਚ ਵੈਸਟ ਐਫਰੀਕਨ ਦੇ ਗਾਂਬੀਆ ਇਲਾਕੇ ਦੇ ਸਨ।

# ਦਸੰਬਰ ਵਿੱਚ ਬੇਰੋਜ਼ਗਾਰੀ ਦਰ 0·1 ਫੀਸਦੀ ਘਟੀ



ਓਟਵਾ, 9 ਜਨਵਰੀ (ਪੋਸਟ ਬਿਊਰੋ) : 2021 ਦੇ ਆਖਰੀ ਮਹੀਨੇ ਵਿੱਚ ਕੈਨੇਡਾ ਦੀ ਬੇਰੋਜ਼ਗਾਰੀ ਦਰ ਵਿੱਚ ਮਾਮੂਲੀ ਤਬਦੀਲੀ ਹੋਈ। ਦਸੰਬਰ ਮਹੀਨੇ ਦੌਰਾਨ ਬੇਰੋਜ਼ਗਾਰੀ ਦਰ 0·1 ਫੀ ਸਦੀ ਘਟ ਕੇ 5·9 ਫੀ ਸਦੀ ਰਹਿ ਗਈ।

ਫਰਵਰੀ 2020 ਵਿੱਚ ਮਹਾਂਮਾਰੀ ਤੋਂ ਪਹਿਲਾਂ ਜਦੋਂ ਬੇਰੋਜ਼ਗਾਰੀ ਦਰ 5·7 ਫੀ ਸਦੀ ਸੀ, ਤੋਂ ਲੈ ਕੇ ਦਸੰਬਰ ਮਹੀਨੇ ਬੇਰੋਜ਼ਗਾਰੀ ਦਰ ਸੱਭ ਤੋਂ ਘੱਟ ਦਰਜ ਕੀਤੀ ਗਈ ਹੈ। ਸਟੈਟੇਸਟਿਕਸ ਕੈਨੇਡਾ ਅਨੁਸਾਰ ਅਰਥਚਾਰੇ ਵਿੱਚ ਪਿਛਲੇ ਮਹੀਨੇ 55,000 ਨੌਕਰੀਆਂ ਜੁੜੀਆਂ ਕਿਉਂਕਿ ਵਧੇਰੇ ਲੋਕਾਂ ਵੱਲੋਂ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕੀਤਾ ਗਿਆ। ਦਸੰਬਰ ਵਿੱਚ ਨੌਕਰੀਆਂ ਵਿੱਚ ਕੁੱਲ ਵਾਧਾ 123000 ਫੁੱਲ ਟਾਈਮ ਜੌਬਜ਼ ਕਾਰਨ ਹੋਇਆ ਜਦਕਿ ਪਾਰਟ ਟਾਈਮ ਇੰਪਲੌਇਮੈਂਟ 68000 ਘੱਟ ਦਰਜ ਕੀਤੀਆਂ ਗਈਆਂ।

ਨੌਕਰੀਆਂ ਵਿੱਚ ਬਹੁਤਾ ਇਜਾਫਾ ਓਨਟਾਰੀਓ ਵਿੱਚ ਵੇਖਣ ਨੂੰ ਮਿਲਿਆ। ਇਹ ਰਿਪੋਰਟ 5 ਤੋਂ 11 ਦਸੰਬਰ ਦਰਮਿਆਨ ਕਰਵਾਏ ਗਏ ਸਰਵੇਖਣ ਉੱਤੇ ਅਧਾਰਿਤ ਹੈ। ਇਹ ਸਰਵੇਖਣ ਓਮਾਈਕ੍ਰੌਨ ਵੇਰੀਐਂਟ ਕਾਰਨ ਵੱਧ ਰਹੇ ਕੋਵਿਡ-19 ਮਾਮਲਿਆਂ ਦੇ ਸਬੰਧ ਵਿੱਚ ਲਾਈਆਂ ਗਈਆਂ ਪਾਬੰਦੀਆਂ ਤੋਂ ਪਹਿਲਾਂ ਕਰਵਾਇਆ ਗਿਆ।

# ਚੋਰੀ ਕੀਤਾ ਪਿੱਕਅੱਪ ਟਰੱਕ ਹੋਇਆ ਹਾਦਸੇ ਦਾ ਸ਼ਿਕਾਰ, 1 ਹਲਾਕ, 1 ਜ਼ਖ਼ਮੀ

ਓਨਟਾਰੀਓ, 9 ਜਨਵਰੀ (ਪੋਸਟ ਬਿਊਰੋ) : ਦਰਹਾਮ ਰੀਜਨ ਵਿੱਚ ਹਾਈਵੇਅ 115 ਤੇ ਹਾਈਵੇਅ 401 ਉੱਤੇ ਹੋਏ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਇੱਕ ਹੋਰ ਜ਼ਖ਼ਮੀ ਹੋ ਗਿਆ। ਕਈ ਪੁਲਿਸ ਸਰਵਿਸਿਜ਼ ਦੀ ਸ਼ਮੂਲੀਅਤ ਵਾਲੇ ਇਸ ਮਾਮਲੇ ਦੀ ਜਾਂਚ ਪ੍ਰੋਵਿੰਸ ਦੀ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਵੱਲੋਂ ਕੀਤੀ ਜਾ ਰਹੀ ਹੈ।

ਐਸਆਈਯੂ ਦਾ ਕਹਿਣਾ ਹੈ ਕਿ ਇਹ ਮਾਮਲਾ ਉਸ ਸਮੇਂ ਸ਼ੁਰੂ ਹੋਇਆ ਜਦੋਂ ਪੋਰਟ ਹੋਪ ਵਿੱਚ ਗੁੱਸੇ ਵਿੱਚ ਗੱਡੀ ਚਲਾ ਰਹੇ ਇੱਕ ਡਰਾਈਵਰ ਬਾਰੇ ਪੁਲਿਸ ਨੂੰ ਸ਼ਿਕਾਇਤ ਮਿਲੀ। ਇਸ ਮਗਰੋਂ ਦੋ ਗੱਡੀਆਂ ਦੀ ਟੱਕਰ ਦੀ ਜਾਂਚ ਲਈ ਪੁਲਿਸ ਮੌਕੇ ਉੱਤੇ ਪਹੁੰਚੀ। ਇੱਕ ਗੱਡੀ ਦਾ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਸ ਵਿਅਕਤੀ ਨੇ ਇੱਕ ਹੋਰ ਗੱਡੀ



ਨੂੰ ਅਗਵਾ ਕਰ ਲਿਆ ਤੇ ਡਰਾਈਵਰ ਨੂੰ ਪਿੱਕਅੱਪ ਟਰੱਕ ਚਲਾਉਣ ਲਈ ਮਜਬੂਰ ਕੀਤਾ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਦਰਹਾਮ ਰੀਜਨਲ ਪੁਲਿਸ ਦੀ ਮਦਦ ਨਾਲ ਕੰਡਿਆਲੀ ਬੈਲਟ ਵਿਛਾ ਕੇ ਪਿੱਕਅੱਪ ਟਰੱਕ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਐਸਆਈਯੂ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਕਿ ਪਿੱਕਅੱਪ ਟਰੱਕ ਦੇ ਡਰਾਈਵਰ ਵੱਲੋਂ ਕੰਡਿਆਲੀ ਬੈਲਟ ਉੱਤੇ ਟਰੱਕ ਚੜ੍ਹਾਏ ਜਾਣ ਤੋਂ ਬਾਅਦ ਟਰੱਕ ਹਾਈਵੇਅ 115 ਤੇ ਹਾਈਵੇਅ 401 ਨੇੜੇ ਬਣੇ ਖੱਡ ਵਿੱਚ ਜਾ ਡਿੱਗਿਆ। ਕਥਿਤ ਤੌਰ ਉੱਤੇ ਗੱਡੀ ਨੂੰ ਆਪਣੇ ਕਬਜ਼ੇ ਵਿੱਚ ਲੈਣ ਵਾਲੇ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਤੇ ਉਸ ਨੂੰ ਹਸਪਤਾਲ ਲਿਜ-ਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

28 ਸਾਲਾ ਡਰਾਈਵਰ ਨੂੰ ਵੀ ਹਸਪਤਾਲ ਲਿਜਾਇਆ ਗਿਆ ਪਰ ਉਸ ਨੂੰ ਕਿੰਨੀਆਂ ਸੱਟਾਂ ਲੱਗੀਆਂ ਇਸ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ। ਪਿੱਕਅੱਪ ਟਰੱਕ ਵਿੱਚ ਸਵਾਰ ਇੱਕ ਮਹਿਲਾ ਪੈਸੈਂਜਰ ਨੂੰ ਕਿਸੇ ਤਰ੍ਹਾਂ ਦੀ ਸੱਟ ਨਹੀਂ ਲੱਗੀ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axel InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration · Real Estate
Family Law · Business Closing
Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਾਰਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
ICCRC Raj Narang Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A to Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
4.5GB
$40/mo.
379 Main St. North, Brampton | 905-451-0379
1 Promenade Circle, Thornhill | 647-274-3808
2456 Lake shore Blvd West, Etobicoke | 416-259-3654
chatr™ AUTHORIZED DEALER
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

cupw sttp
CANADIAN UNION OF POSTAL WORKERS

GIG WORKERS UNITED

# WE DESERVE BETTER PAY & WORKERS' RIGHTS

## JOIN GIG WORKERS UNITED!

**GigWorkersUnited.ca**

Text: JOIN to 647-499-2259
join@gigworkersunited.ca

@GigWorkersUnited @GigWorkersUnite

SCAN ME

CUPE-SCFP 1979

## ਅੱਜ ਨਾਮਾ

ਮਿਲ ਕੇਦਿੱਤੀ ਕਿਰਸਾਨਾਂ ਵੀ ਗੱਡ ਝੰਡੀ,
ਰਾਜਸੀ ਤਿਕੜਮ ਦਾ ਰੋਕਣਾ ਰਾਹ ਬੇਲੀ।
ਚੱਲੀ ਗੱਲ ਪਹਿਲਾਂਧਿਰਾਂ ਨਾਲਕਈਆਂ,
ਸਕੀ ਸੀ ਪਹੁੰਚ ਨਾ ਸਿਰੇ ਸਲਾਹ ਬੇਲੀ।
ਖੱਟਣਾ ਲਾਭ ਕਿਰਸਾਨੀ ਦਾ ਚਾਹੁਣ ਸਾਰੇ,
ਕਿਰਸਾਨਾਂ ਵੱਲ ਨਹੀਂ ਖੈਰ-ਖਵਾਹ ਬੇਲੀ।
ਜਿਹੜੇਲੀਡਰਾਂਦੀ ਲਹਿ ਗਈ ਝਾਕ ਬੇਲੀ,
ਚੜ੍ਹ ਗਏ ਉਨ੍ਹਾਂ ਦੇ ਉੱਪਰ ਆ ਸਾਹ ਬੇਲੀ।
ਬਣ ਗਿਆ ਜਦੋਂ ਕਿਸਾਨ ਸ਼ਰੀਕ ਮੂਹਰੇ,
ਤਰੇਲੀ ਆਗੂਆਂ ਨੂੰ ਲੱਗੀ ਆਉਣ ਬੇਲੀ।
ਸਮਝੇ ਜਿਨ੍ਹਾਂ ਸਨ ਬੁੱਧੂ ਕਿਰਸਾਨ ਆਗੂ,
ਗਲਤੀ ਹੋਈ ਨੂੰ ਲੱਗੇ ਪਛਤਾਉਣ ਬੇਲੀ।

**ਤੀਸ ਮਾਰ ਖਾਂ**

ਪ੍ਰਧਾਨ ਮੰਤਰੀ ਮੋਦੀ ਵੱਲੋਂ ਐਲਾਨ

# ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਹਰ ਸਾਲ 26 ਦਸੰਬਰ 'ਵੀਰ ਬਾਲ ਦਿਵਸ' ਮਨਾਇਆ ਜਾਵੇਗਾ

*** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੇ ਇਤਰਾਜ਼ ਜਤਾਇਆ * ਢੀਂਡਸਾ ਵੱਲੋਂ ਪ੍ਰਧਾਨ ਮੰਤਰੀ ਦਾ ਸ਼ੁਕਰਾਨਾ**

ਨਵੀਂ ਦਿੱਲੀ, 9 ਜਨਵਰੀ, (ਪੋਸਟ ਬਿਊਰੋ)- ਖਾਲਸਾ ਪੰਥ ਦੇ ਬਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਵੱਡਾ ਐਲਾਨ ਕਰਦਿਆਂ ਟਵੀਟ ਕਰ ਕੇ ਕਿਹਾ, "ਇਸ ਸਾਲ ਤੋਂ ਹਰ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਮਨਾਇਆ ਜਾਵੇਗਾ।'' ਉਨ੍ਹਾਂ ਕਿਹਾ,''ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮੈਨੂੰ ਇਹ ਦੱਸਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਸ ਸਾਲ ਤੋਂ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਇਆ ਜਾਵੇਗਾ। ਇਹ ਸਾਹਿਬਜ਼ਾਦਿਆਂ ਦੇ ਸਾਹਸ ਲਈ ਇੱਕ ਸਹੀ ਸ਼ਰਧਾਂਜਲੀ ਹੈ।''

ਇਸ ਦੇ ਨਾਲ ਇਕ ਹੋਰ ਟਵੀਟ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ,''ਮਾਤਾ ਗੁਜਰੀ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ 4 ਸਾਹਿਬਜ਼ਾਦਿਆਂ ਦੀ ਬਹਾਦਰੀ ਅਤੇ ਆਦਰਸ਼ ਲੱਖਾਂ ਲੋਕਾਂ ਨੂੰ ਸ਼ਕਤੀ ਦਿੰਦੇ ਹਨ। ਉਹ ਅਨਿਆਂ ਅੱਗੇ ਕਦੇ ਨਹੀਂ ਝੁਕੇ। ਉਨ੍ਹਾਂ ਨੇ ਅਜਿਹੀ ਦੁਨੀਆ ਦੀ ਕਲਪਣਾ ਕੀਤੀ, ਜੋ ਸਰਬ ਸਾਂਝੀ ਹੈ। ਵੱਧ ਤੋਂ ਵੱਧ ਲੋਕਾਂ ਨੂੰ ਇਨ੍ਹਾਂ ਬਾਰੇ ਜਾਣਨਾ ਸਮੇਂ ਦੀ ਮੰਗ ਹੈ।'' ਉਨ੍ਹਾਂ ਕਿਹਾ,''ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਦੇ



ਸ਼ਹੀਦੀ ਦਿਹਾੜੇ ਨੂੰ ਅੱਗੇ ਤੋਂ''ਵੀਰ ਬਾਲ ਦਿਵ' ਮਨਾਇਆ ਜਾਵੇਗਾ।''

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂਹਰ ਸਾਲ 26 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ 'ਵੀਰ ਬਾਲ ਦਿਵਸ' ਮਨਾਉਣ ਦੇ ਐਲਾਨ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਇਤਰਾਜ਼ ਹੈ।ਉਨ੍ਹਾ ਕਿਹਾ ਕਿ "ਸ੍ਰੀ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਸਿੱਖ ਪੰਥ ਦੇ ਬਾਬੇ ਹਨ, ਉਨ੍ਹਾਂ ਨੂੰ ਬਾਲ ਕਹਿਣਾ ਸਿੱਖ ਇਤਿਹਾਸ ਨਾਲ ਖਿਲਵਾੜ ਹੋਵੇਗਾ।ਸਾਹਿਬਜ਼ਾਦਿਆਂ ਦਾ ਦਿਨ 'ਵੀਰ ਬਾਲ ਨਹੀਂ ਕਹਿਣਾ ਚਾਹੀਦਾ।" ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਕਿਹਾ ਕਿ "ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਭਾਵਨਾਵਾਂ ਦਾ ਸਨਮਾਨ ਕਰਦੇ ਹਾਂ, ਪਰ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਤੇ ਸਿੰਘ ਸਾਹਿਬਾਨ ਨਾਲ ਇਸ ਦੀ ਸਲਾਹ ਕਰਨੀ ਚਾਹੀਦੀ ਸੀ।ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨਮੌਕੇ ਅਸੀਂ ਸ਼ਹੀਦੀ ਜੋੜ ਮੇਲੇ ਮਨਾਉਂਦੇ ਹਾਂ।" ਇਸ ਦੇ ਨਾਲ ਉਨ੍ਹਾਂ ਕਿਹਾ ਕਿ 'ਵੀਰ ਬਾਲ ਦਿਵਸ' ਦਾ ਨਾਂ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨਾਲ ਮੇਲ ਨਹੀਂ ਖਾਂਦਾ, ਇਹ ਇਕੱਲਾ ਭਾਰਤ ਦਾ ਮਸਲਾ ਨਹੀਂ, ਵਿਦੇਸ਼ਾਂ ਵਿੱਚ ਵੀ ਸਾਰੀਆਂ ਸਿੰਘ ਸਭਾਵਾਂ ਵਿਸ਼ਵ ਪੱਧਰ ਉੱਤੇ ਇਸ ਨੂੰ ਸ਼ਹੀਦੀ ਜੋੜ ਮੇਲੇ ਵਜੋਂ ਮਨਾਉਂਦੀਆਂ ਹਨ।'

ਦੂਸਰੇ ਪਾਸੇ ਅੱਜ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ ਮੌਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀਬਾਰੇ 26 ਦਸੰਬਰ ਦੇ ਦਿਨ ਨੂੰ 'ਵੀਰ ਬਾਲ ਦਿਵਸ' ਮਨਾਉਣ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਐਲਾਨ ਦੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਸ਼ਲਾਘਾ ਕੀਤੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਹੈ। ਢੀਂਡਸਾ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਨੂੰ 75 ਵਰ੍ਹੇ ਹੋ ਚੁੱਕੇ ਹਨ, ਕਿਸੇ ਵੀ ਸਰਕਾਰ ਨੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਦੀ ਲਾਸਾਨੀ ਸ਼ਹਾਦਤ ਦੇ ਦਿਹਾੜੇ ਨੂੰ ਸਰਕਾਰੀ ਪੱਧਰ ਉੱਤੇ ਪੂਰੇ ਦੇਸ਼ ਵਿਚ ਮਨਾਉਣ ਦਾ ਯਤਨ ਨਹੀਂ ਕੀਤਾ। ਉਨ੍ਹਾਂ ਕਿਹਾ, ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਤਾ ਗਿਆ ਐਲਾਨ ਸਾਹਿਬਜ਼ਾਦਿਆਂਦੀ ਸ਼ਹਾਦਤ ਨੂੰ ਸਹੀ ਸ਼ਰਧਾਂਜਲੀ ਹੈ। ਲੰਮੇ ਸਮੇਂ ਤੋਂ ਸਿੱਖ ਸਮਾਜ ਛੋਟੇ ਸਾਹਿਬਜ਼ਾਦਿਆਂਦੇ ਸ਼ਹਾਦਤ ਦਿਹਾੜੇ ਨੂੰ ਬਾਲ ਦਿਵਸ ਵਜੋਂ ਮਨਾਉਣ ਦੀ ਮੰਗ ਕਰਦਾ ਰਿਹਾ ਹੈ। ਹਰ ਸਾਲ 26 ਦਸੰਬਰ ਵਾਲੇ ਦਿਨ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ ਨਾਲ ਜਿੱਥੇ ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨੂੰ ਯਾਦ ਕੀਤਾ ਜਾਵੇਗਾ, ਉਥੇ ਮੁਲਕ ਵਿਚ ਸਾਹਿਬਜ਼ਾਦਿਆਂ ਦੀ ਬਹਾਦਰੀ ਦੀ ਗਾਥਾ ਬੱਚਿਆਂ ਨੂੰ ਪ੍ਰੇਰਤ ਕਰੇਗੀ।

ਇੱਕ ਖਬਰ ਅਨੁਸਾਰ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੇ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ ਐਲਾਨ ਨੂੰ ਸਹੀ ਕਰਾਰ ਦਿੱਤਾ ਤੇ ਇਸ ਦੀ ਸ਼ਲਾਘਾ ਕੀਤੀ ਹੈ।

# ਡੇਰਾ ਸੱਚਾ ਸੌਦਾ ਪ੍ਰੇਮੀਆਂ ਦਾ ਸਲਾਬਤਪੁਰਾ ਭੰਡਾਰੇ ਦੇ ਬਹਾਨੇ 'ਸ਼ਕਤੀ ਪ੍ਰਦਰਸ਼ਨ'

*** ਸਾਰੀਆਂ ਪਾਰਟੀਆਂ ਦੇ ਨੇਤਾ ਨਤ-ਮਸਤਕ ਹੋਣ ਜਾ ਪਹੁੰਚੇ**

ਸਲਾਬਤਪੁਰਾ, 9 ਜਨਵਰੀ, (ਪੋਸਟ ਬਿਊਰੋ)-ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦੇ ਐਲਾਨ ਤੋਂ ਅਗਲੇ ਦਿਨ ਐਤਵਾਰ ਨੂੰ ਡੇਰਾ ਸੱਚਾ ਸੌਦਾ ਦੇ ਪੰਜਾਬ ਦੇ ਮੁੱਖ ਕੇਂਦਰ ਪਿੰਡ ਸਲਾਬਤਪੁਰਾ ਵਿਚ ਭੰਡਾਰਾ ਕੀਤਾ ਗਿਆ ਤਾਂ ਇਹ ਇਸ ਡੇਰੇ ਨਾਲ ਜੁੜੇ ਲੋਕਾਂ ਦਾ ਇੱਕ ਤਰ੍ਹਾਂ ਦਾ ਸ਼ਕਤੀ ਪ੍ਰਦਰਸ਼ਨ ਵੀ ਸਮਝਿਆ ਜਾ ਰਿਹਾ ਹੈ। ਇਹ ਪ੍ਰੋਗਰਾਮ ਪਹਿਲਾਂ ਤੋਂ ਤੈਅ ਸੀ, ਪਰ ਪੰਜਾਬ ਵਿਚ ਚੋਣ ਜ਼ਾਬਤਾ ਲੱਗਣ ਤੋਂ ਅਗਲੇ ਦਿਨ ਹੋਣ ਕਾਰਨ ਇਹ ਸ਼ਕਤੀ ਪ੍ਰਦਰਸ਼ਨ ਬਣ ਗਿਆ ਹੈ। ਇਸ ਸਮਾਗਮ ਵਿਚ ਕਾਂਗਰਸ, ਆਮ ਆਦਮੀ ਪਾਰਟੀ, ਬਾਦਲ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਕਈ ਵੱਡੇ ਨੇਤਾ ਵੀ ਪਹੁੰਚੇ ਹੋਏ ਸਨ ਅਤੇ ਉਹ ਓਥੇਵੱਡੀ ਗਿਣਤੀ ਵਿੱਚ ਡੇਰਾ ਪ੍ਰੇਮੀ ਵਿਚ ਪੂਰੀ ਤਰ੍ਹਾਂ ਇੱਕ-ਮਿੱਕ ਸਨ।

ਵਰਨਣ ਯੋਗ ਹੈ ਕਿ ਇਸ ਸਮਾਗਮ ਵਿਚ ਸਿਆਸੀ ਲੋਕਾਂ ਦੀ ਹਾਜ਼ਰੀ ਨਾਲਆਸਕੀਤੀ ਜਾਂਦੀ ਸੀ ਕਿ ਡੇਰੇ ਵੱਲੋਂ ਚੋਣਾਂ ਬਾਰੇ ਕਿਸੇ ਪਾਰਟੀ ਦਾ ਸਾਥ ਦੇਣ ਦਾ ਐਲਾਨ ਹੋ ਜਾਵੇਗਾ, ਪਰ ਏਦਾਂ ਨਹੀਂ ਹੋਇਆ। ਪ੍ਰਬੰਧਕੀ ਕਮੇਟੀ ਦੇ ਮੈਂਬਰ ਰਾਮ ਸਿੰਘ ਨੇ ਸੰਗਤ ਨੂੰ ਡੇਰੇ ਦੇ ਬੁਰੇ ਸਮੇਂ ਵਿੱਚ ਸਾਥ ਦੇਣ ਵਾਲਿਆਂ ਨਾਲ ਚੱਲਣ ਦੀ ਗੱਲ ਕਹੀ, ਪਰ ਕਿਸੇਪਾਰਟੀ ਜਾਂ ਕਿਸੇ ਸਿਆਸੀ ਲੀਡਰ ਦਾ ਨਾਂ ਨਹੀਂ ਲਿਆਤੇ ਸਿਰਫ ਇਹ ਕਿਹਾ ਕਿ ਅਸੀਂ ਦੇਖਣਾ ਹੈ ਕਿ ਕੌਣ ਸਾਡੇ ਨਾਲ ਹਨ ਤੇ ਕੌਣ ਖ਼ਿਲਾਫ਼, ਜੋ ਡੇਰੇ ਦਾ ਨਾਂ ਸਹੀ ਢੰਗ ਨਾਲ ਨਹੀਂ ਲੈਂਦਾ, ਉਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਇਸ ਮੌਕੇ ਉਚੇਚੇ ਪੁੱਜੇ ਭਾਜਪਾ ਨੇਤਾ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਇਸ ਸੰਸਥਾ ਵੱਲੋਂ ਚੰਗੇ ਕੰਮ ਕੀਤੇ ਜਾਂਦੇ ਹਨ, ਪੰਜਾਬ ਵਿਚ ਇਹੋ ਜਿਹੇ ਹੋਰ ਡੇਰੇ ਹੋਣੇ ਚਾਹੀਦੇ ਹਨ। ਹੈਰਾਨੀ ਹੈ ਕਿ ਏਥੇ ਉਹ ਲੋਕ ਵੀ ਆਏ ਹੋਏ ਸਨ, ਜੋ ਸੰਸਥਾ ਦੇ ਕੰਮਾਂ ਉੱਤੇ ਸਵਾਲ ਉਠਾਉਂਦੇ ਸਨ।ਭਾਜਪਾ ਦੇ ਸਾਬਕਾ ਮੰਤਰੀ ਸੁਰਜੀਤ ਜਿਆਣੀ ਨੇ ਕਿਹਾ ਕਿ 'ਮੈਂ ਜਦੋਂ ਤੋਂ ਹੋਸ਼ ਸੰਭਾਲਿਆ ਹੈ, ਉਦੋਂ ਤੋਂ ਇਸ ਡੇਰੇ ਨਾਲ ਜੁੜਿਆ ਹਾਂ। ਮੇਰੇ ਆਉਣ ਨੂੰ ਚੋਣਾਂ ਨਾਲ ਨਾ ਜੋੜੋ, ਮੈਂ ਹਰ ਸਾਲ ਭੰਡਾਰੇ ਉੱਤੇ ਆਉਂਦਾ ਹਾਂ।' ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਨੇ ਕਿਹਾ ਕਿ ਡੇਰਾ ਪ੍ਰੇਮੀਆਂ ਨਾਲ ਕਾਫ਼ੀ ਜ਼ਿਆਦਤੀ ਹੋਈ ਹੈ, ਜਿਨ੍ਹਾਂ ਨੇ ਇਹ ਸਲੂਕ ਕੀਤਾ ਹੈ, ਉਹ ਇਸ ਦੇ ਨਤੀਜੇ ਭੁਗਤਣਗੇ। ਏਦਾਂ ਹੀ ਹੋਰ ਆਗੂ ਬੋਲਦੇ ਰਹੇ। ਇਸ ਭੰਡਾਰੇ ਵਿੱਚ ਪੁੱਜੇ ਆਗੂਆਂ ਵਿੱਚ ਕਾਂਗਰਸ ਦੇ ਪੰਜਾਬ ਦੇ ਮੰਤਰੀ ਵਿਜੈਇੰਦਰ ਸਿੰਗਲਾ, ਸਾਬਕਾ ਮੰਤਰੀ ਹਰਮੰਦਰ ਸਿੰਘ ਜੱਸੀ (ਉਹ ਡੇਰਾ ਸੱਚਾ ਸੌਦਾ ਦੇ ਜੇਲ੍ਹ ਵਿੱਚ ਬੰਦ ਮੁਖੀ ਰਾਮ ਰਹੀਮ ਦਾ ਕੁੜਮ ਹੈ) ਤੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ, ਮੌੜ ਤੋਂ ਕਾਂਗਰਸ ਟਿਕਟ ਦੀ ਦਾਅਵੇਦਾਰ ਮਨੋਜ ਬਾਲਾ ਬਾਂਸਲ ਅਤੇ ਰਾਹੁਲ ਇੰਦਰ ਸਿੰਘਸਿੱਧੂ ਦੇ ਨਾਲ ਭਾਜਪਾ ਦੇਹਰਜੀਤ ਸਿੰਘ ਗਰੇਵਾਲ,ਸਾਬਕਾ ਮੰਤਰੀ ਸੁਰਜੀਤ ਕੁਮਾਰ ਜਿਆਣੀ, ਸੁਨੀਤਾ ਗਰਗ, ਐਡਵੋਕੇਟ ਮੋਹਨ ਲਾਲ ਗਰਗ, ਵੀਨਾ ਗਰਗ, ਆਮ ਆਦਮੀ ਪਾਰਟੀ ਦੇ ਬਠਿੰਡਾ ਤੋਂ ਉਮੀਦਵਾਰ ਜਗਰੂਪ ਸਿੰਘ ਗਿੱਲ ਤੇ ਅਕਾਲੀ ਦਲ ਬਾਦਲ ਦੇ ਦਿੜ੍ਹਬਾ ਤੋਂ ਉਮੀਦਵਾਰ ਗੁਲਜਾਰ ਸਿੰਘ ਮੂਨਕ ਸ਼ਾਮਲ ਸਨ।

# ਅੰਮ੍ਰਿਤਸਰ ਏਅਰਪੋਰਟ ਅਥਾਰਟੀ ਵੱਲੋਂ ਸਪਾਈਸ ਹੈਲਥ ਲੈਬ ਨਾਲ ਸਮਝੌਤਾ ਰੱਦ

*** ਕੋਰੋਨਾ ਟੈਸਟਾਂ ਵਿੱਚ ਗੜਬੜ ਦੀਆਂ ਸ਼ਿਕਾਇਤਾਂ ਪਿੱਛੋਂ ਫੈਸਲਾ**

ਅੰਮ੍ਰਿਤਸਰ, 9 ਜਨਵਰੀ, (ਪੋਸਟ ਬਿਊਰੋ)-ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਏਅਰਪੋਰਟ ਉੱਤੇ ਸਪਾਈਸ ਜੈੱਟ ਹੈਲਥ ਲੈਬ ਨਾਲ ਸਮਝੌਤਾ ਰੱਦ ਕਰ ਦਿੱਤਾ ਗਿਆ ਹੈ। ਵਿਦੇਸ਼ ਤੋਂ ਆਉਂਦੇ ਮੁਸਾਫਰਾਂ ਦੇ ਕੋਰੋਨਾ ਟੈਸਟ ਕਰਨ ਦੇ ਲਈ ਏਅਰਪੋਰਟ ਅਥਾਰਟੀ ਦਾ ਇਸ ਲੈਬ ਨਾਲ ਸਮਝੌਤਾ ਸੀ, ਪਰ ਬੀਤੇ ਸ਼ੁੱਕਰਵਾਰ ਨੂੰ ਇਟਲੀ ਤੋਂ ਆਏ 285 ਮੁਸਾਫਰਾਂ ਵਿੱਚੋਂ 173 ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਉਣ ਉੱਤੇ ਇਸ ਲੈਬ ਉੱਤੇ ਸ਼ੱਕ ਹੋ। ਇਨ੍ਹਾਂ ਵਿੱਚੋਂ 75 ਲੋਕਾਂ ਦੇ ਦੁਬਾਰਾ ਟੈਸਟ ਕਰਾਏ ਤਾਂ ਇਨ੍ਹਾਂ ਵਿਚੋਂ ਕੁਝ ਦੀ ਰਿਪੋਰਟ ਨੈਗੇਟਿਵ ਆਉਣ ਪਿੱਛੋਂ ਏਅਰਪੋਰਟ ਅਥਾਰਟੀ ਨੇ ਲੈਬ ਨਾਲ ਸਮਝੌਤਾ ਤੋੜ ਕੇ ਅੰਮ੍ਰਿਤਸਰ ਦੀ ਭਸੀਨ ਲੈਬ ਨੂੰ ਜ਼ਿੰਮੇਵਾਰੀ ਸੌਂਪ ਦਿੱਤੀ ਹੈ।

ਸਪਾਈਸ ਜੈੱਟ ਲੈਬ ਨੇ ਅੰਮ੍ਰਿਤਸਰ ਏਅਰਪੋਰਟ ਉੱਤੇ 60 ਮਸ਼ੀਨਾਂ ਲਾਈਆਂ ਸਨ।ਦੱਸਿਆ ਜਾਂਦਾ ਹੈ ਕਿ ਇਨ੍ਹਾਂ ਛੋਟੀਆਂ ਮਸ਼ੀਨਾਂ ਵਿੱਚ ਤਕਨੀਕੀ ਗੜਬੜ ਕਾਰਨ ਕੋਰੋਨਾ ਟੈੱਸਟ ਦੀਆਂ ਰਿਪੋਰਟਾਂ ਗਲਤ ਆ ਰਹੀਆਂ ਸਨ। ਇਸ ਕਾਰਨ ਇਟਲੀ ਤੋਂ ਆਏ ਮੁਸਾਫਰ ਹੰਗਾਮਾ ਕਰਦੇ ਰਹੇ। ਉਨ੍ਹਾਂ ਦਾ ਕਹਿਣਾ ਸੀ ਕਿ ਇਟਲੀ ਤੋਂ ਨੈਗੇਟਿਵ ਰਿਪੋਰਟ ਲੈ ਕੇ ਆਏ ਤਾਂ ਇੱਥੇ ਅੱਠ ਘੰਟੇ ਬਾਅਦ ਏਨੇ ਲੋਕ ਪਾਜ਼ੇਟਿਵ ਕਿਵੇਂ ਹੋ ਗਏ।ਪਤਾ ਲੱਗਾ ਹੈ ਕਿ ਇਟਲੀ ਤੋਂ ਆਏ ਛੇ ਮਰੀਜ਼ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਦਾਖਲ ਕੀਤੇ ਗਏ ਤਾਂ ਏਅਰਪੋਰਟ ਉੱਤੇ ਇਨ੍ਹਾਂ ਦੀ ਰਿਪੋਰਟ ਪਾਜ਼ੇਟਿਵ ਸੀ, ਪਰ ਮੈਡੀਕਲ ਕਾਲਜ ਦੀ ਇੰਫਲੂਐਂਜ਼ਾ ਲੈਬ ਵਿੱਚ ਨੈਗੇਟਿਵ ਆਈ ਸੀ। ਸਪਾਈਸ ਹੈਲਥ ਲੈਬ ਦੀ ਰਿਪੋਰਟ ਵਿਚ ਲਗਾਤਾਰ ਪਾਜ਼ੇਟਿਵ ਮਿਲਣ ਨਾਲ ਪ੍ਰਸ਼ਾਸਨ ਤਨਾਅ ਵਿੱਚ ਸੀ ਕਿ 70 ਫੀਸਦੀ ਸੈਂਪਲ ਪਾਜ਼ੇਟਿਵ ਦੱਸੇ ਗਏ ਸਨ। ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਸਰਕਾਰੀ ਮੈਡੀਕਲ ਕਾਲਜ ਦੀ ਇੰਫਲੂਐਂਜ਼ਾ ਲੈਬ ਦੇ ਇੰਚਾਰਜ ਡਾ. ਕੇਡੀ ਸਿੰਘ, ਸਿਵਲ ਸਰਜਨ ਡਾ. ਚਰਨਜੀਤ ਸਿੰਘ, ਜ਼ਿਲ੍ਹਾ ਮਹਾਮਾਰੀ ਰੋਕੂ ਅਧਿਕਾਰੀ ਡਾ. ਮਦਨ ਮੋਹਨਦੀ ਟੀਮ ਏਅਰਪੋਰਟ ਵਿਖੇ ਭੇਜੀ ਤਾਂ ਜਾਂਚ ਵਿੱਚ ਇਹ ਭੇਦ ਖੁੱਲ੍ਹਾ ਕਿ ਉਕਤ ਲੈਬ ਵਿੱਚ ਕੁਆਲਟੀ ਕੰਟਰੋਲ ਨਹੀਂ ਹੁੰਦਾ।

ਵਰਨਣ ਯੋਗ ਹੈ ਕਿ ਇਸ ਏਅਰਪੋਰਟ ਤੋਂ ਦੂਸਰੇ ਦੇਸ਼ਾਂ ਨੂੰ ਚੱਲੇ ਕਈ ਮੁਸਾਫਰਾਂ ਦੀ ਰਿਪੋਰਟ ਵੀ ਏਥੇ ਪਾਜ਼ੇਟਿਵ ਆਈ ਤਾਂ ਉਨ੍ਹਾਂ ਨੂੰ ਵਿਦੇਸ਼ ਨਹੀਂ ਸੀ ਜਾਣ ਦਿੱਤਾ ਗਿਆ, ਪਰ ਜਦੋਂ ਦੁਬਾਰਾ ਟੈਸਟ ਕੀਤਾ ਤਾਂ ਨੈਗੇਟਿਵ ਨਿਕਲਣ ਉੱਤੇ ਉਨ੍ਹਾਂ ਨੂੰ ਸਪਾਈਸ ਹੈਲਥ ਨੇ ਇਨ੍ਹਾਂ ਨੂੰ ਆਪਣੇ ਖਰਚ ਉੱਤੇ ਹੀ ਵਿਦੇਸ਼ ਭੇਜਿਆ ਸੀ।ਗੁਰੂ ਨਾਨਕ ਦੇਵ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਕੇਡੀ ਸਿੰਘ ਦੇ ਅਧੀਨ ਹਸਪਤਾਲ ਵਿੱਚ ਇਟਲੀ ਤੋਂ ਆਏ 13 ਮਰੀਜ਼ ਦਾਖ਼ਲ ਕਰ ਕੇ ਟੈੱਸਟ ਕਰਵਾਏ ਤਾਂ ਰਿਪੋਰਟ ਨੈਗੇਟਿਵ ਆਈ ਸੀ। ਬੀਤੇ ਸ਼ੁੱਕਰਵਾਰ ਏਅਰਪੋਰਟ ਤੋਂ ਪਤਾ ਲੱਗਾ ਕਿ 173 ਮੁਸਾਫਰ ਪੀੜਤ ਹਨ ਤਾਂਗੁਰੂ ਨਾਨਕ ਦੇਵ ਹਸਪਤਾਲ ਵਿੱਚ ਇਕੱਠੇ ਇੰਨੇ ਮਰੀਜ਼ਰੱਖਣ ਤੇ ਖਾਣ ਦਾ ਪ੍ਰਬੰਧ ਕਰਨਾ ਔਖਾ ਸੀ।ਹਸਪਤਾਲ ਪ੍ਰਸ਼ਾਸਨ ਨੇ ਜਲਦੀ ਵਿਚ ਖਾਣਾ, ਫਲ ਅਤੇ ਆਂਡੇ ਆਦਿ ਮੰਗਵਾਏ,ਪਰ ਸਪਾਈਸ ਲੈਬ ਦੀ ਭਰੋਸੇਯੋਗਤਾ ਉੱਤੇ ਸਵਾਲ ਉੱਠੇ ਤਾਂ ਇਨ੍ਹਾਂ ਨੂੰ ਘਰ ਭੇਜ ਦਿੱਤਾ ਅਤੇ ਖਾਣਾ, ਫਲ ਤੇ ਆਂਡੇ ਹੋਰ ਮਰੀਜ਼ਾਂ ਨੂੰ ਵੰਡ ਦਿੱਤੇ। 6 ਜਨਵਰੀ ਨੂੰ ਇਟਲੀ ਤੋਂ ਚਾਰਟਰਡ ਪਲੇਨ ਉੱਤੇ ਆਏ ਅੰਮ੍ਰਿਤਸਰ ਦੇ ਬਚਿੱਤਰ ਸਿੰਘ ਨੂੰ ਏਅਰਪੋਰਟਜਾਂਚ ਦੌਰਾਨ ਪਾਜ਼ੇਟਿਵ ਦੱਸਿਆ ਗਿਆ, ਬਾਹਰ ਨਿਕਲ ਕੇ ਨਿੱਜੀ ਲੈਬ ਤੋਂ ਜਾਂਚ ਰਿਪੋਰਟ ਨੈਗੇਟਿਵ ਮਿਲੀ। ਇਸ ਚਾਰਟਰਡ ਪਲੇਨ ਵਿੱਚ ਸਵਾਰ ਪਿਤਾ-ਪੁੱਤਰ ਦੀ ਏਅਰਪੋਰਟ ਉੱਤੇ ਟੈਸਟ ਰਿਪੋਰਟ ਆਈ ਤਾਂ ਪੁੱਤਰ ਨੂੰ ਪਾਜ਼ੇਟਿਵ ਦੱਸਿਆ ਗਿਆ। ਵਿਰੋਧ ਕੀਤਾ ਤੇ ਕਿਹਾ ਕਿ ਦੋਵੇਂ ਨੈਗੇਟਿਵ ਰਿਪੋਰਟ ਲੈ ਕੇ ਆਏ ਹਨ। ਫਿਰ ਇਨ੍ਹਾਂ ਨੇ ਨਿੱਜੀ ਲੈਬ ਤੋਂ ਟੈਸਟ ਕਰਵਾਇਆ ਤਾਂ ਨੈਗੇਟਿਵ ਨਿਕਲੇ ਸਨ।

# ਚੜੂੰਨੀ ਧੜੇ ਵੱਲੋਂ ਸੰਯੁਕਤ ਸਮਾਜ ਮੋਰਚਾ ਨਾਲ ਮਿਲ ਕੇ ਚੋਣਾਂ ਲੜਨ ਦਾ ਐਲਾਨ

ਚੰਡੀਗੜ੍ਹ, 9 ਜਨਵਰੀ, (ਪੋਸਟ ਬਿਊਰੋ)-ਪੰਜਾਬ ਵਿਧਾਨ ਸਭਾ ਦੀਆਂ ਦੀਆਂ ਤਾਰੀਖਾਂ ਦਾ ਐਲਾਨ ਹੁੰਦੇ ਸਾਰ ਸੰਯੁਕਤ ਸਮਾਜ ਮੋਰਚਾ, ਜਿਹੜਾ ਕਿਸਾਨ ਸੰਘਰਸ਼ ਦੇ ਸੰਯੁਕਤ ਕਿਸਾਨ ਮੋਰਚੇ ਦੀਆਂ ਬਾਈ ਜਥੇਬੰਦੀਆਂ ਨੇ ਚੋਣ ਲੜਨ ਵਾਸਤੇ ਬਣਾਇਆ ਹੈ, ਨੇ ਤਿਆਰੀ ਸ਼ੁਰੂ ਕਰਦਿੱਤੀ ਹੈ। ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਅੱਜ ਪ੍ਰੈਸ ਕਾਨਫਰੰਸ ਵਿੱਚਐਲਾਨ ਕੀਤਾ ਕਿ ਸੰਯੁਕਤ ਸਮਾਜ ਮੋਰਚੇ ਦਾ ਹੈੱਡਕੁਆਰਟਰ ਲੁਧਿਆਣਾ ਵਿੱਚ ਹੋਵੇਗਾ ਅਤੇ ਮਿਲ ਕੇ ਚੋਣ ਲੜੀ ਜਾਵੇਗੀ।



ਰਾਜੇਵਾਲ ਨੇ ਕਿਹਾ ਕਿ ਸੰਯੁਕਤ ਸਮਾਜ ਮੋਰਚੇ ਵੱਲੋਂ ਅਗਲੇ 2-3 ਦਿਨਾਂ ਵਿੱਚ ਉਮੀਦਵਾਰਾਂ ਦੀ ਪਹਿਲੀ ਲਿਸਟ ਆ ਜਾਵੇਗੀ ਅਤੇ ਇੱਕ ਹਫ਼ਤੇ ਅੰਦਰ ਸਾਰੇ ਉਮੀਦਵਾਰਾਂ ਦਾ ਐਲਾਨ ਹੋ ਜਾਵੇਗਾ ਤੇ ਪੰਜਾਬ ਵਿਧਾਨ ਸਭਾ ਲਈ ਸਾਰੀਆਂ 117 ਸੀਟਾਂ ਉੱਤੇ ਚੋਣ ਲੜਾਂਗੇ। ਰਾਜੇਵਾਲ ਨੇ ਕਿਹਾ ਕਿ ਅੱਜ ਸੰਯੁਕਤ ਸਮਾਜ ਮੋਰਚਾ ਨੇ ਤਿੰਨ ਕਮੇਟੀਆਂ ਬਣਾਈਆਂ ਹਨ। ਸੰਯੁਕਤ ਸਮਾਜ ਮੋਰਚਾ ਦੇ ਉਮੀਦਵਾਰਾਂ ਦੀ ਚੋਣ ਲਈ ਸਕ੍ਰੀਨਿੰਗ ਕਮੇਟੀ ਬਣਾਈ ਹੈ। ਇਸ ਤੋਂ ਬਿਨਾ ਇੱਕ ਪੰਜ ਮੈਂਬਰੀ ਮੈਨੀਫੈਸਟੋ ਕਮੇਟੀ ਬਣਾਈ ਗਈ ਹੈ। ਇਸ ਮੌਕੇ ਸੰਯੁਕਤ ਸਮਾਜ ਮੋਰਚਾ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸੰਯੁਕਤ ਸਮਾਜ ਮੋਰਚਾ ਅਤੇ ਹਰਿਆਣਾ ਦੇ ਕਿਸਾਨ ਲੀਡਰ ਗੁਰਨਾਮ ਸਿੰਘ ਚੜੂੰਨੀ ਮਿਲ ਕੇ ਚੋਣ ਲੜਨਗੇ। ਉਨ੍ਹਾਂ ਕਿਹਾ ਕਿ ਗੁਰਨਾਮ ਸਿੰਘ ਚੜੂੰਨੀ ਦੀ ਪਾਰਟੀ ਨਾਲ ਸੀਟ-ਵੰਡ ਲਈ ਕਮੇਟੀ ਬਣਾਈ ਗਈ ਹੈ।ਉਨ੍ਹਾ ਨੇ ਸਪੱਸ਼ਟ ਕੀਤਾ ਕਿ ਆਮ ਆਦਮੀ ਪਾਰਟੀ ਨਾਲ ਕੋਈ ਗਠਜੋੜ ਨਹੀਂ ਹੋਵੇਗਾ।















## ਪਿਸਤੌਲ ਦਿਖਾ ਕੇ ਤਿੰਨ ਲੁਟੇਰੇ ਬੀ ਐਮ ਡਬਲਯੂ ਗੱਡੀ ਲੈ ਕੇ ਫਰਾਰ

ਜਲੰਧਰ, 9 ਜਨਵਰੀ (ਪੋਸਟ ਬਿਊਰੋ)- ਸਥਾਨਕ ਮਾਡਲ ਟਾਊਨ ਵਿੱਚ ਰਬੜ ਅਤੇ ਕੈਮੀਕਲ ਦੇ ਇੱਕ ਕਾਰੋਬਾਰੀ ਤੋਂ ਤਿੰਨ ਲੁਟੇਰਿਆਂ ਨੇ ਪਿਸਤੌਲ ਦੀ ਨੋਕ ਉੱਤੇ ਉਸ ਦੀ ਬੀ ਐਮ ਡਬਲਯੂ ਗੱਡੀ ਲੁੱਟ ਲਈ ਹੈ।

ਪੁਨੀਤ ਆਹੂਜਾ ਪੁੱਤਰ ਮੁਕੇਸ਼ ਆਹੂਜਾ ਵਾਸੀ ਜੇ ਪੀ ਨਗਰ ਨੇ ਪੁਲਸ ਨੂੰ ਦਸਿਆ ਕਿ ਉਹ ਕੱਲ੍ਹ ਸ਼ਾਮ ਕਰੀਬ ਨੌਂ ਵਜੇ ਆਪਣੀ ਪਤਨੀ ਰੇਹਾ ਆਹੂਜਾ ਨਾਲ ਆਪਣੀ ਬੀ ਐਮ ਡਬਲਯੂ ਕਾਰ ਉੱਤੇ ਖਾਣਾ ਲੈਣ ਮਾਡਲ ਟਾਊਨ ਦੀ ਮਾਰਕੀਟ ਵਿੱਚ ਆਇਆ ਤਾਂ ਦੋਵੇਂ ਆਪਣੀ ਕਾਰ ਵਿੱਚ ਬੈਠੇ ਖਾਣੇ ਦੀ ਉਡੀਕ ਕਰ ਰਹੇ ਸਨ। ਇਸੇ ਦੌਰਾਨ ਤਿੰਨ ਵਿਅਕਤੀ ਆਏ, ਜਿਨ੍ਹਾਂ ਨੇ ਉਸ ਨੂੰ ਕਾਰ ਵਿੱਚੋਂ ਨਿਕਲਣ ਲਈ ਕਿਹਾ। ਜਦੋਂ ਉਹ ਕਾਰ ਵਿੱਚੋਂ ਨਿਕਲਿਆ ਤਾਂ ਉਨ੍ਹਾਂ ਵਿਅਕਤੀਆਂ ਨੇ ਉਸ ਨੂੰ ਜ਼ਬਰਦਸਤੀ ਕਾਰ ਵਿੱਚ ਬਿਠਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਉਹ ਵਿਅਕਤੀ ਆਪ ਕਾਰ ਵਿੱਚ ਸਵਾਰ ਹੋ ਗਏ ਅਤੇ ਉਸ ਨੂੰ ਪਿਸਤੌਲ ਦਿਖਾ ਕੇ ਧਮਕੀ ਦੇਣ ਲੱਗੇ। ਉਹ ਤੇ ਉਸ ਦੀ ਪਤਨੀ ਤੁਰੰਤ ਕਾਰ ਵਿੱਚੋਂ ਨਿਕਲ ਕੇ ਪਾਸੇ ਖੜ੍ਹੇ ਹੋ ਗਏ। ਇਸ ਪਿੱਛੋਂ ਲੁਟੇਰੇ ਉਸ ਦੀ ਕਾਰ ਲੈ ਕੇ ਫਰਾਰ ਹੋ ਗਏ। ਮੌਕੇ ਉੱਤੇ ਗਏ ਅਧਿਕਾਰੀਆਂ ਨੇ ਪੁਲਸ ਪਾਰਟੀਆਂ ਬਣਾ ਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਟੋਰਾਂਟੋ ਪੈਰਾਮੈਡਿਕਸ ਯੂਨੀਅਨ ਨੇ ਦਿੱਤੀ ਚੇਤਾਵਨੀ-ਐਮਰਜੰਸੀ ਕਾਲਜ਼ ਦਾ ਜਵਾਬ ਦੇਣ ਲਈ ਨਹੀਂ ਬਚੀਆਂ ਐਂਬੂਲੈਂਸਾਂ




ਟੋਰਾਂਟੋ, 9 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਪੈਰਾਮੈਡਿਕਸ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦੇ ਚੇਅਰ ਨੇ ਆਖਿਆ ਕਿ ਹੈਲਥ ਕੇਅਰ ਸਿਸਟਮ ਢਹਿ ਢੇਰੀ ਹੋਣ ਕਿਨਾਰੇ ਪਹੁੰਚ ਚੁੱਕਿਆ ਹੈ। ਉਨ੍ਹਾਂ ਪੁਸ਼ਟੀ ਕੀਤੀ ਕਿ ਸ਼ਨਿੱਚਰਵਾਰ ਦੀ ਰਾਤ ਨੂੰ ਐਮਰਜੰਸੀ ਕਾਲ ਦਾ ਜਵਾਬ ਦੇਣ ਲਈ ਉਨ੍ਹਾਂ ਕੋਲ ਕੋਈ ਐਂਬੂਲੈਂਸ ਹੀ ਨਹੀਂ ਸੀ ਬਚੀ।

ਸੀਯੂਪੀਈ ਲੋਕਲ 416 ਦੇ ਪੈਰਾਮੈਡਿਕ ਯੂਨਿਟ ਚੇਅਰ ਮਾਈਕ ਮੈਰੀਮਨ ਨੇ ਆਖਿਆ ਕਿ ਸ਼ਨਿੱਚਰਵਾਰ ਰਾਤੀਂ 7:40 ਉੱਤੇ ਕਿਸੇ ਵੱਲੋਂ ਕਾਲ ਕਰਕੇ ਐਂਬੂਲੈਂਸ ਸੱਦੀ ਗਈ ਤੇ ਸਥਿਤੀ ਨਾਜ਼ੁਕ ਵੀ ਲੱਗ ਰਹੀ ਸੀ ਪਰ ਇਸ ਕਾਲ ਨੂੰ ਅਟੈਂਡ ਕਰਨ ਲਈ ਕੋਈ ਯੂਨਿਟ ਹੀ ਉਪਲਬਧ ਨਹੀਂ ਸੀ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦਾ ਇਹ ਕੋਈ ਪਹਿਲਾ ਮੌਕਾ ਨਹੀਂ ਸੀ, ਸਗੋਂ ਇਹ ਸਥਿਤੀ ਤਾਂ ਹੁਣ ਅਕਸਰ ਹੀ ਸਾਹਮਣੇ ਆ ਰਹੀ ਹੈ।

ਉਨ੍ਹਾਂ ਅੱਗੇ ਆਖਿਆ ਕਿ ਇਹ ਸਰਵਿਸ ਹੀ ਨਹੀਂ ਸਗੋਂ ਜੀਟੀਏ ਭਰ ਦੀਆਂ ਸਰਵਿਸਿਜ਼ ਵਿੱਚ ਕਈ ਸਾਲਾਂ ਤੋਂ ਸਟਾਫ ਤੇ ਫੰਡਾਂ ਦੀ ਘਾਟ ਚੱਲੀ ਆ ਰਹੀ ਹੈ। ਕਈ ਸਾਲਾਂ ਤੋਂ ਯੂਨੀਅਨ ਵੱਲੋਂ ਹੀ ਨਹੀਂ ਸਗੋਂ ਉਨ੍ਹਾਂ ਵੱਲੋਂ ਖੁਦ ਇਸ ਬਾਰੇ ਆਵਾਜ਼ ਉਠਾਈ ਜਾਂਦੀ ਰਹੀ ਹੈ ਕਿ ਸੰਕਟ ਦੀ ਵੱਡੀ ਘੜੀ ਨਾਲ ਨਜਿੱਠਣ ਲਈ ਉਨ੍ਹਾਂ ਕੋਲ ਨਾ ਸਟਾਫ ਹੋਣਾ ਹੈ ਤੇ ਨਾ ਹੀ ਐਂਬੁਲੈਂਸ।ਪਰ ਉਨ੍ਹਾਂ ਦੀ ਗੱਲ ਵੱਲ ਗੌਰ ਨਹੀਂ ਕੀਤਾ ਜਾ ਰਿਹਾ। ਮੈਰੀਮਨ ਅਨੁਸਾਰ ਸਟਾਫ ਦੀ ਘਾਟ ਤਾਂ ਮਹਾਂਮਾਰੀ ਤੋਂ ਵੀ ਪਹਿਲਾਂ ਤੋਂ ਸੀ।ਇਨਫੈਕਸ਼ਨਜ਼ ਵਿੱਚ ਹੋਏ ਤਾਜ਼ਾ ਵਾਧੇ ਕਾਰਨ ਕਈ ਕਰਮਚਾਰੀ ਕੰਮ ਉੱਤੇ ਨਹੀਂ ਆ ਪਾ ਰਹੇ। ਇਸ ਮਹਾਂਮਾਰੀ ਕਾਰਨ ਪੈਰਾਮੈਡਿਕਸ ਓਵਰਟਾਈਮ ਕਾਰਨ ਵਾਲੰਟੀਅਰ ਵੀ ਨਹੀਂ ਕਰ ਪਾ ਰਹੇ।

ਜੇ ਕਿਸੇ ਨੂੰ ਕੋਵਿਡ-19 ਦੇ ਲੱਛਣ ਲੱਗਦੇ ਹਨ ਤਾਂ ਉਹ ਲੋਕ ਵੀ ਹਸਪਤਾਲ ਜਾਣ ਲਈ ਐਂਬੂਲੈਂਸ ਸੱਦ ਰਹੇ ਹਨ। ਕੋਵਿਡ ਤੋਂ ਪਹਿਲਾਂ ਹੀ ਐਮਰਜੰਸੀ ਕਾਲਜ਼ ਨਹੀਂ ਸਨ ਸਾਂਭੀਆਂ ਜਾ ਰਹੀਆਂ ਤੇ ਹੁਣ ਤਾਂ ਸਥਿਤੀ ਬਹੁਤ ਖਰਾਬ ਹੋ ਚੁੱਕੀ ਹੈ।ਸਿਸਟਮ ਚਰਮਰਾ ਰਿਹਾ ਹੈ ਤੇ ਕਿਸੇ ਵੇਲੇ ਵੀ ਢਹਿ ਢੇਰੀ ਹੋਣ ਵਾਲਾ ਹੈ।

# ਸਕੂਲ ਬੰਦ ਹੋਣ ਕਾਰਨ ਮੁਫਤ ਕੋਵਿਡ-19 ਟੈਸਟਸ ਦੇ ਯੋਗ ਨਹੀਂ ਹੋਣਗੇ ਬੱਚੇ




ਓਨਟਾਰੀਓ, 9 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਹੈਲਥ ਬਿਊਰੋਕ੍ਰੈਟਸ ਵੱਲੋਂ ਕੀਤੇ ਗਏ ਖੁਲਾਸੇ ਅਨੁਸਾਰ ਜਿਨਾਂ ਚਿਰ ਸਕੂਲ ਇਨ ਪਰਸਨ ਲਰਨਿੰਗ ਲਈ ਬੰਦ ਹਨ ਓਨਾ ਚਿਰ ਸਕੂਲ ਜਾਣ ਵਾਲੇ ਬੱਚੇ ਮੁਫਤ ਪੀਸੀਆਰ ਕੋਵਿਡ-19 ਟੈਸਟਿੰਗ ਲਈ ਯੋਗ ਨਹੀਂ ਹੋਣਗੇ।

ਓਮਾਈਕ੍ਰੋਨ ਵੇਰੀਐਂਟ ਦੇ ਤੇਜ਼ੀ ਨਾਲ ਫੈਲਣ ਕਾਰਨ ਇੱਕ ਹਫਤੇ ਮੰਗ ਵਧਣ ਤੋਂ ਬਾਅਦ ਫੋਰਡ ਸਰਕਾਰ ਵੱਲੋਂ ਕੋਵਿਡ-19 ਸਬੰਧੀ ਟੈਸਟਿੰਗ ਗਾਇਡੈਂਸ ਨੂੰ ਹੋਰ ਤੇਜ਼ ਕਰਨ ਤੋਂ ਬਾਅਦ ਪੀਸੀਆਰ ਟੈਸਟਿੰਗ ਲਈ ਯੋਗ ਹੋਏ ਕੁੱਝ ਗਰੁੱਪਸ ਵਿੱਚ ਸਕੂਲ ਜਾਣ ਵਾਲੇ ਬੱਚੇ ਵੀ ਸ਼ਾਮਲ ਹਨ ਜਦਕਿ ਪਹਿਲਾਂ ਅਜਿਹਾ ਨਹੀਂ ਸੀ। ਪਰ ਸਕੂਲ 17 ਜਨਵਰੀ ਤੱਕ ਇਨ ਪਰਸਨ ਲਰਨਿੰਗ ਲਈ ਬੰਦ ਹਨ ਤੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦੋਂ ਤੱਕ ਸਕੂਲ ਵਿੱਚ ਮੁੜ ਕੰਮਕਾਜ ਜਾਰੀ ਨਹੀਂ ਹੋ ਜਾਂਦਾ ਉਦੋਂ ਤੱਕ ਮਾਪਿਆਂ ਨੂੰ ਆਪਣੇ ਸਿੰਪਟੋਮੈਟਿਕ ਬੱਚਿਆਂ ਲਈ ਅਪੁਆਇੰਟਮੈਂਟਸ ਬੁੱਕ ਕਰਨ ਦੀ ਲੋੜ ਨਹੀਂ ਹੈ।

ਹੈਲਥ ਬਿਊਰੋਕ੍ਰੈਟਸ ਨੇ ਟੈਕਨੀਕਲ ਬ੍ਰੀਫਿੰਗ ਦੌਰਾਨ ਆਖਿਆ ਕਿ ਇੰਡੀਜੀਨਸ ਚਾਈਲਡ ਆਊਟਬ੍ਰੇਕ ਜਾਂਚ ਦੌਰਾਨ ਜਿਸ ਬੱਚੇ ਦੀ ਪਛਾਣ ਕੀਤੀ ਜਾਂਦੀ ਹੈ ਜਾਂ ਜਿਹੜਾ ਬੱਚਾ ਬੇਘਰ ਹੋਵੇਗਾ ਉਹ ਮੁਫਤ ਪੀਸੀਆਰ ਕੋਵਿਡ-19 ਟੈਸਟਿੰਗ ਲਈ ਯੋਗ ਹੋਵੇਗਾ। ਪਰ ਓਨਟਾਰੀਓ ਦੀਆਂ ਨਵੀਆਂ ਟੈਸਟਿੰਗ ਗਾਈਡਲਾਈਨਜ਼ ਮੁਫਤ ਟੈਸਟਿੰਗ ਤੋਂ ਕਈ ਲੋਕਾਂ ਨੂੰ ਵਾਂਝਾ ਰੱਖਦਾ ਹੈ ਫਿਰ ਭਾਵੇਂ ਉਨ੍ਹਾਂ ਵਿੱਚ ਲੱਛਣ ਹੀ ਕਿਉਂ ਨਾ ਮੌਜੂਦ ਹੋਣ।

ਅਧਿਕਾਰੀਆਂ ਅਨੁਸਾਰ ਜਨਵਰੀ ਵਿੱਚ ਓਨਟਾਰੀਓ 119 ਮਿਲੀਅਨ ਰੈਪਿਡ ਐਂਟੀਜਨ ਟੈਸਟ ਸਕਿਓਰ ਕਰਨ ਵਿੱਚ ਕਾਮਯਾਬ ਹੋਵੇਗਾ ਪਰ ਇਨ੍ਹਾਂ ਵਿੱਚੋਂ ਬਹੁਤਿਆਂ ਦੀ ਵਰਤੋਂ ਹੈਲਥਕੇਅਰ ਵਰਕਰਜ਼, ਰੈਜ਼ੀਡੈਂਟਸ ਤੇ ਕੇਅਰ ਹੋਮਜ਼ ਦੇ ਸਟਾਫ ਲਈ ਕੀਤੀ ਜਾਵੇਗੀ। ਪਰ ਕਿਸੇ ਵੀ ਉਮਰ ਦੇ ਸੀਨੀਅਰਜ਼, ਬਸ਼ਰਤੇ ਉਹ ਕਮਿਊਨਿਟੀ ਕੇਅਰ ਵਿੱਚ ਰਹਿੰਦੇ ਹੋਣ, ਨੂੰ ਇਨ੍ਹਾਂ ਨਿਰਦੇਸ਼ਾਂ ਤੋਂ ਬਾਹਰ ਰੱਖਿਆ ਗਿਆ ਹੈ। ਇਹ ਪੁੱਛੇ ਜਾਣ ਉੱਤੇ ਕਿ ਸਿੰਪਟੋਮੈਟਿਕ ਸੀਨੀਅਰਜ਼ ਉਸ ਸੂਰਤ ਵਿੱਚ ਕੀ ਕਰਨ ਜੇ ਉਨ੍ਹਾਂ ਨੂੰ ਲੱਗੇ ਕਿ ਉਨ੍ਹਾਂ ਨੂੰ ਕੋਵਿਡ-19 ਹੈ, ਅਧਿਕਾਰੀਆਂ ਨੇ ਆਖਿਆ ਕਿ ਉਨ੍ਹਾਂ ਨੂੰ ਆਪਣੇ ਲੱਛਣਾਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ, ਆਪਣੇ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਾਂ ਲੋੜ ਪੈਣ ਉੱਤੇ ਟੈਲੀਹੈਲਥ ਓਨਟਾਰੀਓ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਭਾਰਤੀ ਪਾਰਲੀਮੈਂਟ ਦੇ 400 ਤੋਂ ਵੱਧ ਮੁਲਾਜ਼ਮ ਕੋਰੋਨਾ ਪਾਜ਼ੇਟਿਵ, ਦਫ਼ਤਰ ਆਉਣ ਤੋਂ ਰੋਕੇ

* ਸੁਪਰੀਮ ਕੋਰਟ ਦੇ 4 ਜੱਜ ਪਾਜ਼ੀਟਿਵ ਅਤੇ 150 ਮੁਲਾਜ਼ਮ ਕੁਆਰਨਟੀਨ



ਨਵੀਂ ਦਿੱਲੀ, 9 ਜਨਵਰੀ, (ਪੋਸਟ ਬਿਊਰੋ)-ਭਾਰਤ ਦੀ ਪਾਰਲੀਮੈਂਟ ਦੇ ਲੋਕ ਸਭਾ ਅਤੇ ਰਾਜ ਸਭਾ ਸੈਕਟਰੀਏਟ ਅਤੇ ਸੰਬੰਧਤ ਸੇਵਾਵਾਂ ਨਾਲ ਜੁੜੇ ਕਰੀਬ 400 ਮੁਲਾਜ਼ਮ ਪਿਛਲੇ ਕੁਝ ਦਿਨਾਂ ਵਿੱਚ ਕੋਰੋਨਾ ਨਾਲ ਪੀੜਤ ਨਿਕਲੇ ਤਾਂ ਉਨ੍ਹਾਂ ਨੂੰ ਦਫ਼ਤਰ ਆਉਣ ਤੋਂ ਰੋਕ ਦਿੱਤਾ ਗਿਆ ਹੈ।ਜਾਣਕਾਰ ਸੂਤਰਾਂ ਅਨੁਸਾਰ ਰਾਜ ਸਭਾ ਸੈਕਟਰੀਏਟਦੇ 65 ਅਤੇ ਲੋਕ ਸਭਾ ਸੈਕਟਰੀਏਟਦੇ 200 ਅਤੇ ਸੰਬੰਧਤ ਸੇਵਾਵਾਂ ਦੇ 133 ਕਰਮਚਾਰੀ 4 ਜਨਵਰੀ ਤੋਂ 8 ਜਨਵਰੀ ਤੱਕ ਕੋਰੋਨਾ ਜਾਂਚ ਵਿੱਚਪਾਜ਼ਿਟਿਵ ਮਿਲੇ ਹਨ। ਇਸ ਸਮੇਂਪਾਰਲੀਮੈਂਟਦਾ ਬਜਟ ਸੈਸ਼ਨ ਵੀ ਸ਼ੁਰੂ ਹੋਣ ਵਾਲਾ ਹੈ।

ਵਰਨਣ ਯੋਗ ਹੈ ਕਿ ਪਾਰਲੀਮੈਂਟ ਦਾ ਬਜਟ ਸੈਸ਼ਨ ਆਮ ਕਰ ਕੇ ਜਨਵਰੀ ਅੰਤ ਵਿੱਚ ਸ਼ੁਰੂ ਹੁੰਦਾ ਹੈ, ਪਰ ਇਸ ਵਾਰ ਸਟਾਫ ਵਿੱਚ ਕੋਰੋਨਾ ਦੇ ਕੇਸਾਂ ਵਿੱਚ ਵਾਧੇ ਕਾਰਨ ਰਾਜ ਸਭਾ ਸੈਕਟਰੀਏਟਨੇ ਅਫਸਰਾਂ ਅਤੇ ਮੁਲਾਜ਼ਮਾਂ ਦੀ ਹਾਜ਼ਰੀ ਉੱਤੇਰੋਕ ਲਾ ਦਿੱਤੀ ਗਈ ਹੈ। ਨਵੇਂ ਨਿਰਦੇਸ਼ਾਂ ਅਨੁਸਾਰ ਅਪਰ ਸੈਕਟਰੀ ਜਾਂ ਕਾਰਜਕਾਰੀ ਅਫਸਰਦੇ ਅਹੁਦੇ ਤੋਂ ਹੇਠਲੇ 50 ਫੀਸਦੀ ਅਧਿਕਾਰੀਆਂ ਤੇ ਮੁਲਾਜ਼ਮਾਂ ਲਈ ਇਸ ਮਹੀਨੇ ਦੇ ਅੰਤ ਤੱਕ ਘਰੋਂ ਕੰਮ ਕਰਨਾ ਜ਼ਰੂਰੀ ਕੀਤਾ ਗਿਆ ਹੈ। ਇਹ ਗਿਣਤੀ ਕੁੱਲ ਕਰਮਚਾਰੀਆਂ ਦਾ ਲਗਭਗ 65 ਫੀਸਦੀ ਹੈ।

ਦੂਸਰੇ ਪਾਸੇ ਸੁਪਰੀਮ ਕੋਰਟ ਦੇ 4 ਜੱਜ ਕੋਰੋਨਾ ਪ੍ਰਭਾਵਤ ਹੋ ਗਏ ਹਨ ਅਤੇ ਸ਼ੁੱਕਰਵਾਰ ਤੋਂ ਸੁਪਰੀਮ ਕੋਰਟ ਦੇ ਸਾਰੇ ਜੱਜ ਘਰੋਂ ਕੰਮ ਕਰ ਰਹੇ ਹਨ। ਅਦਾਲਤ ਵਿੱਚ ਸਿਰਫ ਜ਼ਰੂਰੀ ਕੇਸਾਂ ਦੀ ਸੁਣਵਾਈ ਹੁੰਦੀ ਹੈ ਤੇ ਇਹ ਵੀ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਜਾਂਦੀ ਹੈ। ਕਿਹਾ ਜਾ ਰਿਹਾ ਹੈ ਕਿਸੁਪਰੀਮ ਕੋਰਟ ਦੇ ਰਜਿਸਟਰੀ ਦੇ ਕਰੀਬ 150 ਮੁਲਾਜ਼ਮ ਜਾਂ ਕੁਆਰੰਟੀਨ ਹਨ ਜਾਂ ਕੋਰੋਨਾ ਪ੍ਰਭਾਵਤ ਹਨ। ਕੋਰੋਨਾ ਦੇ ਵਧਦੇ ਕੇਸਾਂ ਕਾਰਨ ਚੀਫ਼ ਜਸਟਿਸ ਐਨਵੀ ਰਾਮੰਨਾ ਨੇ ਬੀਤੇ ਵੀਰਵਾਰ ਚਾਰ ਸੀਨੀਅਰ ਜੱਜਾਂ ਨਾਲ ਮੀਟਿੰਗ ਕਰ ਇਹ ਫੈਸਲਾ ਕਰ ਲਿਆ ਕਿ ਜੱਜ ਆਪਣੀ ਰਿਹਾਇਸ਼ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਕੇਸਾਂ ਦੀ ਸੁਣਵਾਈ ਕਰਨਗੇ।

## ਬਰਫਬਾਰੀ ਕਾਰਨ ਪਾਕਿਸਤਾਨ ਦੇ ਮਰੀ ਹਿੱਲ ਸਟੇਸ਼ਨ ਉੱਤੇ 26 ਮੌਤਾਂ

* ਇਮਰਾਨ ਖ਼ਾਨ ਨੇ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਇਆ

ਇਸਲਾਮਾਬਾਦ, 9 ਜਨਵਰੀ, (ਪੋਸਟ ਬਿਊਰੋ)-ਪਾਕਿਸਤਾਨ ਦੇ ਲੋਕਾਂ ਅਤੇ ਵਿਰੋਧੀ ਧਿਰ ਦੇ ਆਗੂਆਂ ਨੇ ਹਿੱਲ ਸਟੇਸ਼ਨ ਮਰੀ ਵਿਖੇ ਭਾਰਤੀ ਬਰਫਬਾਰੀਕਾਰਨ ਲੋਕਾਂ ਦੀਆਂ ਮੌਤਾਂ ਬਾਰੇਦਿੱਤੇ ਬਿਆਨ ਲਈ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਸਖ਼ਤ ਆਲੋਚਨਾ ਕੀਤੀ ਹੈ। ਇਮਰਾਨ ਨੇ ਇਸ ਦੇ ਲਈ ਸੈਲਾਨੀਆਂ ਨੂੰ ਜ਼ਿੰਮੇਵਾਰ ਠਹਿਰਾ ਕੇ ਕਿਹਾ ਸੀ ਕਿ ਭੀੜ ਵੱਧਣ ਕਾਰਨ ਪ੍ਰਸ਼ਾਸਨ ਦੀਆਂ ਤਿਆਰੀਆਂ ਘੱਟ ਪੈ ਗਈਆਂ।ਇਸ ਬਰਫਬਾਰੀ ਕਾਰਨ 26 ਮੌਤਾਂ ਹੋ ਚੁੱਕੀਆਂ ਹਨ।

ਵਰਨਣ ਯੋਗ ਹੈ ਕਿ ਬੀਤੇ ਸ਼ਨਿਚਰਵਾਰ ਨੂੰ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਟਵੀਟ ਕੀਤਾ ਸੀ, 'ਹਿੱਲ ਸਟੇਸ਼ਨ ਮਰੀ ਦੀਆਂ ਸੜਕਾਂ ਉੱਤੇ ਸੈਲਾਨੀਆਂ ਦੀ ਮੌਤ ਤੋਂ ਦੁਖੀ ਹਾਂ।ਆਸ ਤੋਂ ਪਰੇ ਬਰਫ਼ਬਾਰੀ ਅਤੇ ਮੌਸਮ ਦੀ ਜਾਣਕਾਰੀ ਲਏ ਬਿਨਾਂ ਵੱਡੀ ਗਿਣਤੀ ਵਿੱਚ ਸੈਲਾਨੀਆਂ ਦੇ ਮਰੀ ਜਾਣ ਨਾਲ ਜ਼ਿਲ੍ਹਾ ਪ੍ਰਸ਼ਾਸਨ ਢੁੱਕਵੀ ਤਿਆਰੀਨਹੀਂ ਕਰ ਸਕਿਆ।' ਉਨ੍ਹਾਂ ਦੀ ਇਸ ਟਿੱਪਣੀ ਦੀ ਦੇਸ਼ ਦੀ ਜਨਤਾ ਅਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਨੇਤਾਵਾਂ ਨੇ ਸਖ਼ਤ ਆਲੋਚਨਾ ਕੀਤੀ ਹੈ।ਜਿਓ ਨਿਊਜ਼ਮੁਤਾਬਕ ਪਾਕਿਸਤਾਨ ਮੁਸਲਿਮ ਲੀਗ-ਐੱਨ ਦੀ ਬੁਲਾਰਾ ਮਰੀਅਮ ਔਰੰਗਜ਼ੇਬ ਨੇ ਇਸ 'ਅਪਰਾਧਿਕ ਲਾਪਰਵਾਹੀ' ਲਈ ਇਮਰਾਨ ਖ਼ਾਨ ਤੋਂ ਜਵਾਬ ਮੰਗਿਆ ਅਤੇ ਪਾਰਟੀ ਦੀ ਮੀਤ ਪ੍ਰਧਾਨ ਪਰਵੇਜ਼ ਰਸ਼ੀਦ ਨੇ ਇਮਰਾਨ ਨੂੰ ਇਸ ਟਵੀਟ ਨੂੰ ਵਾਪਸ ਲੈਣ ਦੀ ਮੰਗ ਕੀਤੀ ਅਤੇ ਇਹਸਾਨ ਇਕਬਾਲ ਨੇ ਇਮ-ਰਾਨ ਖ਼ਾਨ ਨੂੰ ਬੇਦਰਦ ਕਰਾਰ ਦਿੰਦੇ ਹੋਏ ਕਿਹਾ ਕਿ ਮੌਸਮ ਵਿਗਿਆਨ ਵਿਭਾਗ ਨੇ 31 ਦਸੰਬਰ ਨੂੰ ਭਾਰੀ ਬਰਫ਼ਬਾਰੀ ਦੀ ਚਿਤਾਵਨੀ ਦਿੱਤੀ ਸੀ, ਇਸ ਦੇ ਬਾਵਜੂਦ ਸਰਕਾਰ ਸੁੱਤੀ ਰਹੀ ਸੀ। ਅਸਲ ਵਿੱਚ ਉੱਤਰੀ ਪਾਕਿਸਤਾਨ ਦੇ ਹਿੱਲ ਸਟੇਸ਼ਨ ਮੱਰੀ ਵਿੱਚ ਰਿਕਾਰਡ ਬਰਫ਼ਬਾਰੀ ਵਿੱਚਵੱਡੀ ਗਿਣਤੀਲੋਕ ਜਾ ਪੁੱਜੇ ਅਤੇ ਬਰਫ਼ਵਿੱਚ ਉਨ੍ਹਾਂ ਦੀਆਂ ਸੈਂਕੜੇ ਗੱਡੀਆਂ ਸੜਕ ਉੱਤੇ ਫਸ ਗਈਆਂ ਸਨ। ਇਸ ਮੌਕੇ ਵਾਹਨਾਂ ਵਿੱਚ ਫਸੇ ਸੈਲਾਨੀਆਂ ਵਿੱਚੋਂ 26 ਦੀ ਮੌਤ ਹੋ ਗਈ। ਪਾਕਿਸਤਾਨੀ ਅਧਿਕਾਰੀਆਂ ਨੇ ਇਸ ਤੋਂ ਬਾਅਦ ਤਿੰਨ ਹੋਰ ਸੈਲਾਨੀ ਥਾਵਾਂ ਸ਼ੋਗਰਾਨ, ਨਾਰਾਨ ਤੇ ਕਾਗਾਨ ਵਿੱਚ ਸੈਲਾਨੀਆਂ ਦੇ ਜਾਣ ਉੱਤੇ ਅਸਥਾਈ ਪਾਬੰਦੀ ਲਾ ਦਿੱਤੀ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com

ਜ਼ਰੂਰ ਜਾਣੋ; ਗਿਆਨ ਗੰਗਾ
|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ | ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ | ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Gyan Singh,
Office Admin: Sajandeep Singh
Graphic Designer: Angrez Singh
Photographer: Kanwaljit Singh Kanwal
Distributer Marketing: Aman Warraich, Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਭਾਰਤ ਦਾ ਭਲਾ-ਬੁਰਾ ਵੇਖਣਾ ਲੀਡਰਾਂ ਦੇ ਨਹੀਂ, ਨਾਗਰਿਕਾਂ ਜ਼ਿੰਮੇ ਰਹਿ ਗਿਆ ਮੰਨ ਲਈਏ

ਘਟਨਾਵਾਂ ਨੂੰ ਪ੍ਰਸੰਗ ਨਾਲੋਂ ਤੋੜ ਕੇ ਮਰੋੜਾ ਚਾੜ੍ਹਨ ਅਤੇ ਕੁਝ ਦੇ ਕੁਝ ਅਰਥ ਕੱਢ ਸਕਣ ਦੇ ਮਾਹਰ ਭਾਜਪਾ ਆਗੂ ਨਰਿੰਦਰ ਮੋਦੀ ਨੇ ਆਪਣੀ ਜਾਨ ਲਈ ਖਤਰੇ ਦੇ ਮੁੱਦੇ ਵਾਲਾ ਤੰਬੂ ਦੇਸ਼ ਵਿੱਚ ਬਹਿਸ ਦਾ ਕੇਂਦਰ ਬਣੇ ਹੋਏ ਮੁੱਦਿਆਂ ਉੱਤੇ ਖਿਲਾਰ ਦਿੱਤਾ ਤੇ ਇੱਕ ਵਾਰੀ ਬਾਕੀ ਸਭ ਮੁੱਦੇ ਢੱਕ ਦਿੱਤੇ ਹਨ। ਕਿਸਾਨਾਂ ਨਾਲ ਕੀਤੇ ਵਾਅਦਿਆਂ ਦਾ ਕੀ ਬਣਿਆ, ਜਿਨ੍ਹਾਂ ਦੇ ਭਰੋਸੇ ਨਾਲ ਦਿੱਲੀ ਦੇ ਬਾਰਡਰਾਂ ਤੋਂ ਇੱਕ ਸਾਲ ਤੋਂ ਵੱਧ ਸਮੇਂ ਤੋਂ ਚੱਲਦਾ ਰਿਹਾ ਧਰਨਾ ਚੁੱਕਣ ਲਈ ਮਨਾਇਆ ਸੀ, ਉਸ ਦੀ ਬਹਿਸ ਪਿੱਛੇ ਪਾਉਣ ਦਾ ਵੀ ਯਤਨ ਕੀਤਾ ਹੈ। ਬੇਰੁਜ਼ਗਾਰੀ ਦੀ ਮਾਰ ਖਾਂਦੇ ਅਤੇ ਆਏ ਦਿਨ ਖੁਦਕੁਸ਼ੀਆਂ ਕਰਦੇ ਨੌਜਵਾਨਾਂ ਲਈ ਰੁਜ਼ਗਾਰ ਦੀ ਗਾਰੰਟੀ ਦਾ ਮੁੱਦਾ ਵੀ ਪ੍ਰਧਾਨ ਮੰਤਰੀ ਦੀ ਆਪਣੀ ਸੁਰੱਖਿਆ ਦੇ ਏਸੇ ਤੰਬੂ ਓਹਲੇ ਲੁਕਾਉਣ ਦਾ ਯਤਨ ਕੀਤਾ ਗਿਆ ਹੈ। ਅਗਲੇ ਸਾਲ ਪੰਜ ਰਾਜਾਂ ਵਿੱਚ ਚੋਣਾਂ ਹੋਣੀਆਂ ਹਨ, ਓਥੋਂ ਦੇ ਲੋਕਾਂ ਨੂੰ ਪਿਛਲੀਆਂ ਚੋਣਾਂ ਵੇਲੇ ਕੀਤੇ ਝੂਠੇ ਵਾਅਦੇ ਚੇਤੇ ਆਉਣ ਲੱਗੇ ਸਨ, ਉਨ੍ਹਾਂ ਝੂਠੇ ਵਾਅਦਿਆਂ ਦਾ ਚੇਤਾ ਵੀ ਪ੍ਰਧਾਨ ਮੰਤਰੀ ਦੀ ਸੁਰੱਖਿਆ ਦੇ ਮੁੱਦੇ ਮੂਹਰੇ ਬੌਣਾ ਕਰਨ ਦਾ ਅੱਧ-ਪਚੱਧਾ ਕੰਮ ਹੋ ਗਿਆ ਹੈ। ਇੱਕੋ ਗੱਲ ਬਾਕੀ ਸਭ ਮੁੱਦਿਆਂ ਉੱਤੇ ਭਾਰੂ ਹੋ ਗਈ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਨੂੰ ਪੰਜਾਬ ਵਿੱਚ ਖਤਰਾ ਸੀ ਅਤੇ ਉਹ 'ਜ਼ਿੰਦਾ ਬਚ ਕੇ ਆ ਗਿਆ' ਹੈ।

ਸਭ ਨੂੰ ਪਤਾ ਹੈ ਕਿ ਪੰਜ ਜਨਵਰੀ ਨੂੰ ਫਿਰੋਜ਼ਪੁਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਉਣਾ ਸੀ ਅਤੇ ਕੁਝ ਪ੍ਰਾਜੈਕਟਾਂ ਦੇ ਨੀਂਹ-ਪੱਥਰ ਆਦਿ ਰੱਖਣ ਮਗਰੋਂ ਭਾਰਤੀ ਜਨਤਾ ਪਾਰਟੀ ਦੀ ਰੈਲੀ ਵਿੱਚ ਬੋਲਣਾ ਸੀ। ਉਸ ਦਿਨ ਬਹੁਤ ਵੱਡੇ ਇਕੱਠ ਦੀ ਆਸ ਕੀਤੀ ਸੀ, ਪਰ ਇੱਕ ਤਾਂ ਮੀਂਹ ਕਾਰਨ ਅਤੇ ਦੂਸਰਾ ਕਿਸਾਨਾਂ ਦੇ ਕੁਝ ਗਰੁੱਪਾਂ ਵੱਲੋਂ ਦਿੱਤੇ ਰਾਹਾਂ ਵਿੱਚ ਵਿਰੋਧ ਦੇ ਸੱਦੇ ਕਾਰਨ ਬਹੁਤੇ ਲੋਕ ਨਹੀਂ ਸੀ ਆਏ। ਖਾਲੀ ਕੁਰਸੀਆਂ ਟੀ ਵੀ ਚੈਨਲਾਂ ਉੱਤੇ ਲੋਕ ਵੇਖ ਰਹੇ ਸਨ ਕਿ ਅਚਾਨਕ ਪਹਿਲੀ ਖਬਰ ਆਈ ਕਿ ਮੌਸਮ ਦੀ ਖਰਾਬੀ ਕਾਰਨ ਪ੍ਰਧਾਨ ਮੰਤਰੀ ਹੈਲੀਕਾਪਟਰ ਉੱਤੇ ਫਿਰੋਜ਼ਪੁਰ ਆਉਣ ਦੀ ਥਾਂ ਸੜਕ ਰਸਤੇ ਆ ਰਹੇ ਸਨ ਤੇ ਉਨ੍ਹਾਂ ਦਾ ਕਾਫਲਾ ਰਾਹ ਵਿੱਚ ਕਿਸਾਨਾਂ ਨੇ ਰੋਕ ਲਿਆ ਹੈ। ਇਸ ਪਿੱਛੋਂ ਸੁਣ ਲਿਆ ਕਿ ਪ੍ਰਧਾਨ ਮੰਤਰੀ ਪਿੱਛੇ ਮੁੜ ਗਏ ਹਨ ਤੇ ਝੱਟ ਤੀਸਰੀ ਖਬਰ ਵੀ ਆ ਗਈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਠਿੰਡੇ ਹਵਾਈ ਅੱਡੇ ਉੱਤੇ ਅਫਸਰਾਂ ਨੂੰ ਕਿਹਾ ਹੈ ਕਿ 'ਆਪਣੇ ਮੁੱਖ ਮੰਤਰੀ ਦਾ ਧੰਨਵਾਦ ਕਰਿਓ ਕਿ ਮੈਂ ਜ਼ਿੰਦਾ ਬਠਿੰਡੇ ਤੱਕ ਆ ਗਿਆ ਹਾਂ।' ਆਖਰ ਭਾਰਤ ਦੇ ਪ੍ਰਧਾਨ ਮੰਤਰੀ ਸਾਹਮਣੇ ਐਡੀ ਕਿਹੜੀ ਸਮੱਸਿਆ ਸੀ ਕਿ ਜ਼ਿੰਦਾ ਬਚ ਕੇ ਬਠਿੰਡੇ ਜਾਣਾ ਵੀ ਬਹੁਤ ਵੱਡੀ ਗੱਲ ਜਾਪਣ ਲੱਗ ਪਿਆ, ਇਹ ਸਾਡੇ ਪੱਲੇ ਨਹੀਂ ਪੈ ਸਕਿਆ। ਇਸ ਦੀ ਥਾਂ ਸਾਨੂੰ ਪ੍ਰਧਾਨ ਮੰਤਰੀ ਮੋਦੀ ਦਾ 'ਜ਼ਿੰਦਾ ਬਚ ਕੇ ਆ ਗਿਆ' ਵਾਲਾ ਬਿਆਨ ਸੈਂਤੀ ਸਾਲ ਪਹਿਲਾਂ ਦੇ ਇੱਕ ਪ੍ਰਧਾਨ ਮੰਤਰੀ ਵੱਲੋਂ 'ਜਬ ਕੋਈ ਬੜਾ ਪੇੜ ਗਿਰਤਾ ਹੈ' ਵਾਂਗ ਭੀੜਾਂ ਨੂੰ ਉਕਸਾਉਣ ਵਾਲਾ ਮਹਿਸੂਸ ਹੋਇਆ, ਜਿਹੜਾ ਉਸ ਨੂੰ ਨਹੀਂ ਸੀ ਦੇਣਾ ਚਾਹੀਦਾ।

ਅਸੀਂ ਸਮਝਦੇ ਹਾਂ ਕਿ ਪ੍ਰਧਾਨ ਮੰਤਰੀ ਦਾ ਰਸਤਾ ਨਹੀਂ ਸੀ ਰੋਕਿਆ ਜਾਣਾ ਚਾਹੀਦਾ, ਸਗੋਂ ਉਸ ਦੀ ਰੈਲੀ ਹੋਣ ਦੇ ਬਾਅਦ ਓਸੇ ਥਾਂ ਉਸ ਤੋਂ ਵੱਧ ਇਕੱਠ ਕਰ ਕੇ ਲੋਕਤੰਤਰੀ ਢੰਗ ਨਾਲ ਜਵਾਬ ਦਿੱਤਾ ਜਾ ਸਕਦਾ ਸੀ। ਲੋਕਤੰਤਰ ਵਿੱਚ ਤੇ ਖਾਸ ਕਰ ਕੇ ਚੋਣਾਂ ਦੀ ਪ੍ਰਕਿਰਿਆ ਦੌਰਾਨ ਹਰ ਕਿਸੇ ਨੂੰ ਆਪਣੀ ਸਰਗਰਮੀ ਕਰਨ ਦਾ ਬਰਾਬਰ ਹੱਕ ਹੁੰਦਾ ਹੈ ਅਤੇ ਇਹ ਹੀ ਹੱਕ ਦੇਸ਼ ਦੇ ਸੰਵਿਧਾਨ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਸ ਦੀ ਪਾਰਟੀ ਨੂੰ ਵੀ ਹੈ। ਲੋਕ ਉਸ ਨਾਲ ਬੀਤੇ ਸਵਾ ਸਾਲ ਦੀਆਂ ਘਟਨਾਵਾਂ ਕਾਰਨ ਨਾਰਾਜ਼ ਸਨ, ਪ੍ਰਧਾਨ ਮੰਤਰੀ ਨੂੰ ਉਹ ਜਨਤਕ ਗੁੱਸਾ ਦੂਰ ਕਰਨਾ ਚਾਹੀਦਾ ਸੀ ਤੇ ਜੇ ਉਹ ਨਾਰਾਜ਼ਗੀ ਦੂਰ ਕੀਤੇ ਬਿਨਾਂ ਚੋਣਾਂ ਲੜਨ ਤੁਰਦਾ ਤਾਂ ਲੋਕਾਂ ਨੇ ਸਬਕ ਸਿਖਾ ਦੇਣਾ ਸੀ। ਇਸ ਦੀ ਥਾਂ ਉਸ ਦਾ ਰਸਤਾ ਰੋਕਣ ਦਾ ਕੰਮ ਹੋਇਆ ਸੀ ਤਾਂ ਇਸ ਬਾਰੇ ਕਾਨੂੰਨੀ ਕਾਰਵਾਈ ਕਰ ਲੈਂਦੇ, ਪਰ ਇਸ ਦੀ ਥਾਂ ਇਸ ਘਟਨਾ ਨੂੰ ਪੰਜਾਬ ਦੇ ਖਿਲਾਫ ਸਾਰੇ ਦੇਸ਼ ਨੂੰ



ਭੜਕਾਉਣ ਵਾਲਾ ਬਿਆਨ ਦੇ ਕੇ ਪ੍ਰਧਾਨ ਮੰਤਰੀ ਨੇ ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਦਾ ਧਿਆਨ ਭਾਵੇਂ ਰੱਖ ਲਿਆ ਹੋਵੇ, ਦੇਸ਼ ਦੇ ਭਵਿੱਖ ਦਾ ਧਿਆਨ ਨਹੀਂ ਰੱਖਿਆ। ਗੱਲ ਏਥੇ ਵੀ ਨਹੀਂ ਰੁਕੀ ਤੇ ਉਸ ਦੀ ਪਾਰਟੀ ਅਤੇ ਉਸ ਪਿੱਛੇ ਖੜੀ ਸੰਘ




ਪਰਵਾਰ ਦੀ ਧਿਰ ਦੇ ਲੋਕਾਂ ਨੇ ਥਾਂ-ਥਾਂ ਪ੍ਰਧਾਨ ਮੰਤਰੀ ਦੀ ਸੁਰੱਖਿਆ ਲਈ ਪੂਜਾ-ਪਾਠ ਅਤੇ ਹੋਰ ਪ੍ਰੋਗਰਾਮ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ, ਜਿਸ ਨਾਲ ਇੱਕ ਖਾਸ ਧਰਮ ਦੇ ਲੋਕਾਂ ਨੂੰ ਸਰਗਰਮ ਕਰ ਕੇ ਇੱਕ ਹੋਰ ਧਰਮ ਦੇ ਲੋਕਾਂ ਵਿਰੁੱਧ ਉਕਸਾਇਆ ਜਾ ਸਕੇ। ਹਰਿਆਣੇ ਦੇ ਇੱਕ ਵਿਧਾਇਕ ਨੇ ਇੱਕ ਖਾਸ ਧਰਮ ਦੇ ਲੋਕਾਂ ਨੂੰ ਉਨ੍ਹਾਂ ਦੀ ਨਸਲ ਖਤਮ ਕਰਨ ਵਰਗੀ ਧਮਕੀ ਵੀ ਦੇ ਦਿੱਤੀ, ਜਿਹੜੀ ਚਿੰਗਾੜੀ ਵਰਗਾ ਕੰਮ ਕਰ ਸਕਦੀ ਸੀ, ਇਸ ਦੇ ਬਾਵਜੂਦ ਉਸ ਰਾਜ ਦੀ ਭਾਜਪਾ ਸਰਕਾਰ ਤੇ ਦੇਸ਼ ਦੀ ਸਰਕਾਰ ਨੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ।

ਜਿੰਦਾਂ ਅਸੀਂ ਇਹ ਕਿਹਾ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦਾ ਰਾਹ ਨਾ ਰੋਕਦੇ ਤਾਂ ਜ਼ਿਆਦਾ ਠੀਕ ਹੁੰਦਾ, ਓਸੇ ਤਰ੍ਹਾਂ ਸਾਡੀ ਰਾਏ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪ੍ਰਧਾਨ ਮੰਤਰੀ ਦੇ ਸਵਾਗਤ ਕਰਨ ਨਾ ਪਹੁੰਚ ਕੇ ਜਿਹੜੀ ਪ੍ਰੋਟੋਕੋਲ ਦੀ ਉਲੰਘਣਾ ਕੀਤੀ ਹੈ, ਉਹ ਨਹੀਂ ਸੀ ਹੋਣੀ ਚਾਹੀਦੀ। ਮੁੱਖ ਮੰਤਰੀ ਆਪਣੇ ਕੁਝ ਨੇੜੂਆਂ ਦੇ ਕੋਰੋਨਾ ਪ੍ਰਭਾਵਤ ਹੋਣ ਕਾਰਨ ਕੋਵਿਡ ਪ੍ਰੋਟੋਕੋਲ ਦੀ ਗੱਲ ਕਰਦਾ ਰਿਹਾ, ਪਰ ਅਗਲੇ ਦਿਨ ਕੋਵਿਡ ਪ੍ਰੋਟੋਕੋਲ ਭੁਲਾ ਕੇ ਉਹ ਇੱਕੋ ਦਿਨ ਤਿੰਨ ਜਤਨਕ ਰੈਲੀਆਂ ਵਿੱਚ ਜਾ ਬੋਲਿਆ ਤੇ ਉਸ ਨੂੰ ਆਪਣੇ ਘੇਰੇ ਖੜੀ ਭੀੜ ਲਈ ਕੋਈ ਖਤਰਾ ਮਹਿਸੂਸ ਨਹੀਂ ਹੋਇਆ। ਇਸ ਗੱਲ ਨਾਲ ਉਹ ਸਾਫ ਗਲਤ ਸਾਬਤ ਹੁੰਦਾ ਹੈ। ਭਾਸ਼ਣ ਵਿੱਚ ਉਹ ਬਠਿੰਡੇ ਦੀ ਸਾਰੀ ਘਟਨਾ ਲਈ ਪ੍ਰਧਾਨ ਮੰਤਰੀ ਨੂੰ ਆਮ ਲੋਕਾਂ ਦੀ ਨਜ਼ਰ ਵਿੱਚ ਅਸਲੋਂ ਨਾ-ਪਸੰਦ ਵਿਅਕਤੀ ਵਜੋਂ ਪੇਸ਼ ਕਰਦਾ ਹੈ ਤੇ ਨਾਲ ਇਹ ਵੀ ਕਹਿੰਦਾ ਹੈ ਕਿ ਪ੍ਰਧਾਨ ਮੰਤਰੀ ਨੂੰ ਖਤਰਾ ਹੋਵੇ ਤਾਂ ਉਸ ਤੋਂ ਪਹਿਲਾਂ ਮੈਂ ਸੀਨਾ ਤਾਣ ਕੇ ਗੋਲੀ ਖਾਣ ਨੂੰ ਉਸ ਦੀ ਢਾਲ ਬਣਾਂਗਾ। ਬੜੀ ਅਜੀਬ ਜਿਹੀ ਬਿਆਨਬਾਜ਼ੀ ਹੈ ਮੁੱਖ ਮੰਤਰੀ ਦੀ ਅਤੇ ਉਸ ਦੇ ਤਿੰਨ ਕਾਂਗਰਸ ਵਿਧਾਇਕਾਂ ਨੇ ਵੀ ਏਦਾਂ ਦੀਆਂ ਗੱਲਾਂ ਕਹਿ ਦਿੱਤੀਆਂ ਹਨ ਕਿ ਪ੍ਰਧਾਨ ਮੰਤਰੀ ਖਾਤਰ ਮਰਨ ਨੂੰ ਤਿਆਰ ਹਨ। ਸਿਆਸਤ ਵੀ ਕਿੱਦਾਂ ਦੇ ਡਰਾਮੇ ਲੋਕਾਂ ਤੋਂ ਕਰਵਾ ਦੇਂਦੀ ਹੈ ਕਿ ਜਿਹੜਾ ਆਗੂ ਪੰਜਾਬ ਦੇ ਮੰਤਰੀ ਵਜੋਂ ਲੋਕਾਂ ਦੇ ਨਾਲ ਖੜੋਤੇ ਹੋਣ ਦੀਆਂ ਡੀਂਗਾਂ ਮਾਰ ਰਿਹਾ ਤੇ ਪ੍ਰਧਾਨ ਮੰਤਰੀ ਨੂੰ ਨਾ-ਪਸੰਦ ਵਿਅਕਤੀ ਕਹਿੰਦਾ ਹੈ, ਉਹ ਓਸੇ ਨਾ-ਪਸੰਦ ਵਿਅਕਤੀ ਲਈ ਜਾਨ ਵੀ ਦੇਣ ਨੂੰ ਤਿਆਰ ਹੈ!

ਜਿਹੜੀ ਗੱਲ ਰੌਲੇ ਵਿੱਚ ਰੁਲ ਗਈ ਅਤੇ ਜਿਸ ਨੂੰ ਭਾਰਤ ਦੇ ਕੌਮੀ ਮੀਡੀਏ ਦੇ ਇੱਕ ਹਿੱਸੇ ਨੇ ਪੰਜਾਬ ਦੇ ਖਿਲਾਫ ਭਾਰਤ ਦੇ ਮੁਕੱਦਮੇ ਦੀ ਮਿਸਲ ਵਾਂਗ ਪੇਸ਼ ਕਰਨ ਦਾ ਯਤਨ ਕੀਤਾ, ਉਹ ਪ੍ਰਧਾਨ ਮੰਤਰੀ ਦੇ ਰੁਕੇ ਹੋਏ ਕਾਫਲੇ ਨੇੜੇ ਗਈ ਤੇ ਲਲਕਾਰੇ ਮਾਰਦੀ ਭੀੜ ਦਾ ਵੀਡੀਓ ਸੀ। ਭੜਕਾਊ ਪੇਸ਼ਕਾਰੀ ਦੇ ਆਦੀ ਕੌਮੀ ਮੀਡੀਏ ਨੇ ਭੀੜ ਦੇ ਵੀਡੀਓ ਵਿਖਾਏ, ਪਰ ਆਵਾਜ਼ ਬੰਦ ਰੱਖੀ, ਜਿਸ ਵਿੱਚ ਨਾਅਰੇਬਾਜ਼ਾਂ ਦੀ ਅਗਵਾਈ ਕਰਦਾ ਹੋਇਆ ਪ੍ਰਧਾਨ ਮੰਤਰੀ ਦੀ ਕਾਰ ਨੇੜੇ ਪਹੁੰਚ ਗਿਆ ਬੰਦਾ ਉੱਚੀ ਸੁਰ ਵਿੱਚ ਕਹਿੰਦਾ ਹੈ: 'ਸ੍ਰੀ ਨਰਿੰਦਰ ਮੋਦੀ' ਅਤੇ ਹੁੰਗਾਰਾ ਮਿਲ ਰਿਹਾ ਹੈ: 'ਜ਼ਿੰਦਾਬਾਦ'। ਜਿਨ੍ਹਾਂ ਨੇ 'ਮੁਰਦਾਬਾਦ' ਦਾ ਨਾਅਰਾ ਲਾਉਣਾ ਹੁੰਦਾ ਹੈ, ਉਹ ਅਗਲੇ ਦੇ ਨਾਂਅ ਤੋਂ ਪਹਿਲਾਂ 'ਸ੍ਰੀ' ਕਹਿਣ ਦੀ ਲੋੜ ਨਹੀਂ ਮੰਨਦੇ ਹੁੰਦੇ। ਵੀਡੀਓ ਦੀ ਆਵਾਜ਼ ਚੱਲਦੀ ਰੱਖ ਲੈਂਦੇ ਤਾਂ ਇਸ ਦੇ ਬਾਅਦ ਉੱਚੀ ਆਵਾਜ਼ ਵਿੱਚ ਦੂਸਰਾ ਨਾਅਰਾ 'ਮੁਰਦਾਬਾਦ' ਦਾ ਵੀ ਸੁਣ ਜਾਂਦਾ ਅਤੇ ਇਹ ਵੀ ਸਾਬਤ ਹੋ ਜਾਂਦਾ ਕਿ ਨੇੜੇ ਜਾ ਕੇ ਨਾਅਰਾ ਲਾਉਣ ਵਾਲੇ 'ਜ਼ਿੰਦਾਬਾਦੀਏ' ਸਨ, ਜਿਨ੍ਹਾਂ ਦੇ ਹੱਥਾਂ ਵਿੱਚ ਭਾਜਪਾ ਦਾ ਝੰਡਾ ਫੜਿਆ ਸੀ। ਜਿਹੜੇ ਲੋਕ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿੱਚ ਸੰਨ੍ਹ ਲੱਗਣ ਤੇ ਉਸ ਦੇ ਕਾਫਲੇ ਦੇ ਰੂਟ ਦੀ ਸੂਚਨਾ ਲੀਕ ਹੋਣ ਦੀਆਂ ਗੱਲਾਂ ਕਰਦੇ ਹਨ, ਉਨ੍ਹਾਂ ਨੂੰ ਇਹ ਪੁੱਛਣ ਦੀ ਲੋੜ ਹੈ ਕਿ ਜਿਹੜੇ ਲੋਕ ਭਾਜਪਾਈ ਝੰਡੇ ਲੈ ਕੇ ਉਸ ਵੇਲੇ ਪ੍ਰਧਾਨ ਮੰਤਰੀ ਦੀ ਕਾਰ ਨੇੜੇ ਜਾ ਪਹੁੰਚੇ ਸਨ, ਉਨ੍ਹਾਂ ਕੋਲ ਸੂਚਨਾ ਕਿੱਦਾਂ ਪਹੁੰਚੀ ਕਿ ਪ੍ਰਧਾਨ ਮੰਤਰੀ ਦਾ ਕਾਫਲਾ ਇਸ ਰਾਹ ਤੋਂ ਲੰਘਣਾ ਹੈ! ਖਬਰਾਂ ਹਨ ਕਿ ਉਸ ਗਰੁੱਪ ਦੀ ਅਗਵਾਈ ਕਰਨ ਵਾਲਾ ਬੰਦਾ ਹੁਸ਼ਿਆਰਪੁਰ ਜ਼ਿਲੇ ਦਾ ਸੀ ਤੇ ਜੇ ਉਸ ਨੇ ਹੁਸ਼ਿਆਰਪੁਰ ਤੋਂ ਫਿਰੋਜ਼ਪੁਰ ਰੈਲੀ ਵੱਲ ਨੂੰ ਜਾਣਾ ਸੀ ਤਾਂ ਬਠਿੰਡੇ ਤੋਂ ਫਿਰੋਜ਼ਪੁਰ ਵਾਲੇ ਰਾਹ ਵੱਲ ਉਹ ਕਿਉਂ ਗਿਆ? ਪਾਰਲੀਮੈਂਟ ਦੀ ਮੈਂਬਰ ਇੱਕ ਬਹੁ-ਚਰਚਿਤ ਸਾਧਵੀ ਸਮੇਤ ਕਈ ਭਾਜਪਾ ਆਗੂਆਂ ਨਾਲ ਉਸ ਝੰਡੇ ਵਾਲੇ ਆਗੂ ਦੀਆਂ ਫੋਟੋ ਲੋਕਾਂ ਦੇ ਵਾਟਸਐਪ ਉੱਤੇ ਘੁੰਮ ਰਹੀਆਂ ਹਨ, ਜਿਹੜੀਆਂ ਉਸ ਦੇ ਜੋੜੀਦਾਰਾਂ ਨੇ ਸਿਰਫ ਟੌਹਰ ਬਣਾਉਣ ਲਈ ਪਹਿਲਾਂ ਦੀਆਂ ਪਾਈਆਂ ਹੋ ਸਕਦੀਆਂ ਹਨ। ਸੱਚਾਈ ਤਾਂ ਇਹਦੀ ਵੀ ਲੱਭਣੀ ਚਾਹੀਦੀ ਹੈ।

ਵਕਤ ਬੜਾ ਨਾਜ਼ਕ ਹੈ। ਪੰਜ ਰਾਜਾਂ ਦੀਆਂ ਚੋਣਾਂ ਹੋਣ ਕਾਰਨ ਇਹੋ ਜਿਹੇ ਸਮੇਂ ਕਿਸੇ ਘਟਨਾ ਦੀ ਜਾਂਚ ਵੀ ਸਿਰਫ ਜਾਂਚ ਨਹੀਂ ਰਹਿਣੀ, ਉਸ ਨੂੰ ਚੋਣਾਂ ਜਿੱਤਣ ਦਾ ਜੰਤਰ ਬਣਾਉਣ ਲਈ ਹਰ ਕੋਈ ਧਿਰ ਜ਼ੋਰ ਲਾਵੇਗੀ ਤੇ ਉਹ ਯਤਨ ਸ਼ੁਰੂ ਹੋ ਗਏ ਹਨ। ਜਿੱਡੀ ਜਿੱਤ ਰਾਜੀਵ ਗਾਂਧੀ ਨੇ 'ਜਬ ਕੋਈ ਬੜਾ ਪੇੜ ਗਿਰਤਾ' ਦੇ ਨੁਸਖੇ ਨਾਲ ਜਿੱਤੀ ਸੀ, 'ਜ਼ਿੰਦਾ ਬਚ ਕੇ ਆ ਗਿਆ' ਨਾਲ ਓਹੋ ਜਿਹੀ ਜਿੱਤ ਦੁਹਰਾਉਣ ਦੀ ਖੇਡ ਖੇਡਣ ਦੇ ਯਤਨ ਹੋਣ ਲੱਗ ਪਏ ਹਨ। ਰਾਜੀਵ ਗਾਂਧੀ ਦੀ ਖੇਡ ਨੇ ਭਾਰਤ ਦਾ ਭਲਾ ਨਹੀਂ ਸੀ ਕੀਤਾ, ਨੁਕਸਾਨ ਕੀਤਾ ਸੀ ਤੇ ਉਹੋ ਖੇਡ ਇਸ ਵੇਲੇ ਦੁਹਰਾਉਣ ਵਾਲੇ ਵੀ ਭਲੇ-ਬੁਰੇ ਦੇ ਚੱਕਰ ਵਿੱਚ ਪੈਣ ਵਾਲੇ ਨਹੀਂ। ਭਲਾ-ਬੁਰਾ ਵੇਖਣਾ ਦੇਸ਼ ਦੇ ਲੋਕਾਂ ਦੀ ਜ਼ਰੂਰਤ ਬਣ ਗਿਆ ਹੈ ਅਤੇ ਜ਼ਿੰਮੇਵਾਰੀ ਵੀ।

# ਸਵੇਰ ਦੀ ਸਭਾ



"ਤੁਹਾਡੀ ਜ਼ਿੰਦਗੀ ਵਿੱਚ ਹੋਣ ਵਾਲੀ ਹਰ ਚੀਜ਼ ਦੇ ਜ਼ਿੰਮੇਵਾਰ ਤੁਸੀਂ ਹੋ,ਇਸ ਗੱਲ ਨੂੰ ਜਿੰਨੀ ਜਲਦੀ ਮੰਨ ਲਵੋਗੇ, ਜ਼ਿੰਦਗੀ ਉਨੀਂ ਵਧੀਆ ਹੋ ਜਾਵੇਗੀ।

ਸਵੇਰ ਦੀ ਸਭਾ ਨਾਲ ਸਕੂਲ ਦੀ ਸ਼ੁਰੂਆਤ ਹੁੰਦੀ ਹੈ। ਸਵੇਰ ਦੀ ਸਭਾ ਹੀ ਸਕੂਲ ਦੀਆਂ ਦਿਨ ਭਰ ਦੀਆਂ ਹੋਣ ਵਾਲੀਆਂ ਗਤੀਵਿਧੀਆਂ ਦੀ ਤਸਵੀਰ ਹੁੰਦੀ ਹੈ।ਇਹ ਤਸਵੀਰ ਵਧੀਆ ਦਿਸੇ,ਇਸ ਦੀ ਜਿੰਮੇਵਾਰੀ ਸਕੂਲ ਮੁਖੀ ਜਾਂ ਸਰੀਰਕ ਸਿੱਖਿਆ ਅਧਿਆਪਕ ਦੀ ਹੀ ਨਹੀਂ, ਸਗੋਂ ਇਸ ਵਿਚ ਸਮੁੱਚੇ ਸਟਾਫ ਦੇ ਵਿਸ਼ੇਸ਼ ਯੋਗਦਾਨ ਦੀ ਜ਼ਰੂਰਤ ਹੁੰਦੀ ਹੈ।

ਸਵੇਰ ਦੀ ਸਭਾ ਸਿਰਫ ਸ਼ਬਦ, ਰਾਸ਼ਟਰੀ ਗਾਣ ਅਤੇ ਸਰੀਰਕ ਕਿਰਿਆਵਾਂ ਤੱਕ ਹੀ ਸੀਮਿਤ ਨਹੀਂ, ਸਗੋਂ ਹੋਰ ਵੀ ਕਿਰਿਆਵਾਂ ਹਨ, ਜਿਨਾ ਤੋਂ ਸਿੱਖਿਆ ਲੈ ਕੇ ਵਿਦਿਆਰਥੀਆਂ ਚੰਗੇ ਨਾਗਰਿਕ ਦੀ ਭੂਮਿਕਾ ਨਿਭਾ ਸਕਦੇ ਹਨ।

ਅਧਿਆਪਕ ਵਿਦਿਆਰਥੀਆਂ ਸਾਹਮਣੇ ਉਨ੍ਹਾਂ ਦੇ ਆਦਰਸ਼ ਹੁੰਦੇ ਹਨ। ਅਧਿਆਪਕ ਤੋਂ ਵਿਦਿਆਰਥੀ ਬਹੁਤ ਕੁਝ ਸਿੱਖਦੇ ਹਨ, ਉਨ੍ਹਾਂ ਦੀਆਂ ਕਿਰਿਆਵਾਂ ਦੇਖ ਕੇ ਉਨ੍ਹਾਂ ਅਨੁਸਾਰ ਹੀ ਢਲਦੇ ਹਨ।ਇਸ ਲਈ ਸਭ ਤੋਂ ਪਹਿਲਾਂ ਸਮੁੱਚੇ ਅਧਿਆਪਕਾਂ ਦਾ ਸਵੇਰ ਦੀ ਸਭਾ ਵਿੱਚ ਹਾਜ਼ਰ ਹੋਣਾ ਲਾਜ਼ਮੀ ਹੈ। ਜਮਾਤ ਇੰਚਾਰਜ ਸਹਿਬਾਨ ਆਪਣੀ ਕਲਾਸ ਦੀ ਲਾਇਨ ਦੇ ਸਾਹਮਣੇ ਖੜੇ ਹੋਣੇ ਚਾਹੀਦੇ ਹਨ। ਲਾਇਨਾਂ ਬਿਲਕੁਲ ਸਿੱਧੀਆਂ ਹੋਣੀਆਂ ਚਾਹੀਦੀਆਂ ਹਨ।

ਸਵੇਰ ਦੀ ਸਭਾ ਵਿੱਚ ਹਰ ਰੋਜ਼ ਇੱਕ ਅਧਿਆਪਕ ਵੱਲੋਂ ਬੱਚਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਜਾਣ ਅਤੇ ਵਿਦਿਆਰਥੀਆਂ ਦੀਆਂ ਵੀ ਡਿਊਟੀਆਂ ਲਗਾ ਕੇ ਸਟੇਜ 'ਤੇ ਬੋਲਣ ਲਈ ਪ੍ਰੇਰਿਤ ਕਰਨ ਤਾਂ ਜੋ ਉਨ੍ਹਾਂ ਦੇ ਮਨ ਵਿਚੋਂ ਸਟੇਜ ਤੇ ਖੜ ਕੇ ਬੋਲਣ ਦਾ ਡਰ ਜਾਂ ਸ਼ਰਮ ਦੂਰ ਹੋ ਜਾਵੇ ਅਤੇ ਉਨ੍ਹਾਂ ਵਿਚ ਆਤਮਵਿਸ਼ਵਾਸ਼ ਪੈਦਾ ਹੋਵੇ।

ਅਧਿਆਪਕ ਵਿਦਿਆਰਥੀਆਂ ਨੂੰ ਨੈਤਿਕ ਸਿੱਖਿਆ, ਆਪਣੇ ਵਿਰਸੇ, ਸੱਭਿਆਚਾਰ,ਆਪਸੀ ਪਿਆਰ ਅਤੇ ਕਦਰਾਂ-ਕੀਮਤਾਂ ਬਾਰੇ ਦੱਸਣ।ਸਾਡੇ ਤਿਉਹਾਰ, ਗੁਰ-ਪੁਰਬ, ਸ਼ਹੀਦੀ ਦਿਹਾੜੇ ਅਤੇ ਸਪੈਸ਼ਲ ਦਿਨ ਬਾਰੇ ਬੱਚਿਆਂ ਨੂੰ ਜ਼ਰੂਰ ਜਾਣਕਾਰੀ ਦਿੱਤੀ ਜਾਵੇ। ਜ਼ਿਆਦਾਤਰ ਵਿਦਿਆਰਥੀਆਂ ਨੂੰ ਛੁੱਟੀ ਦਾ ਪਤਾ ਹੁੰਦਾ ਹੈ,ਪਰ ਹੋਈ ਕਿਉਂ ਹੈ,ਇਹ ਨਹੀਂ ਪਤਾ।ਇਸ ਲਈ ਇਹ ਜਾਣਕਾਰੀ ਜ਼ਰੂਰ ਦੇਣੀ ਚਾਹੀਦੀ ਹੈ।

ਜੇਕਰ ਕੋਈ ਵਿਦਿਆਰਥੀ ਜਾਂ ਅਧਿਆਪਕ ਵਿਸ਼ੇਸ਼ ਪ੍ਰਾਪਤੀ ਕਰਦਾ ਹੈ। ਸਕੂਲ ਮੁਖੀ ਵੱਲੋਂ ਉਸ ਦੀ ਹੌਂਸਲਾ ਅਫਜ਼ਾਈ ਕਰਨੀ ਚਾਹੀਦੀ ਹੈ।ਇਸ ਲਈ ਜਿੱਥੇ ਚੰਗਾ ਕੰਮ ਕਰਨ ਵਾਲੇ ਨੂੰ ਖੁਸ਼ੀ ਮਿਲਦੀ ਹੈ। ਸਗੋਂ ਦੂਜਿਆਂ ਅੰਦਰ ਵੀ ਕੰਮ ਕਰਨ ਦੀ ਭਾਵਨਾ ਉਤਪੰਨ ਹੁੰਦੀ ਹੈ।

ਵਿਦਿਆਰਥੀਆਂ ਦੀ ਡਰੈੱਸ ਦੇ ਨਾਲ ਅਧਿਆਪਕਾਂ ਨੂੰ ਭੜਕਾਊ ਕੱਪੜੇ ਨਹੀਂ ਪਹਿਨ ਕੇ ਆਉਣੇ ਚਾਹੀਦੇ।ਅਗਰ ਅਧਿਆਪਕ ਵੀ ਆਪਣਾ ਡਰੈੱਸ ਕੋਡ ਲਾਗੂ ਕਰਨ ਵਧੀਆ ਗੱਲ ਹੈ। ਕਿਉਂਕਿ ਵਿਦਿਆਰਥੀ ਅਧਿਆਪਕ ਦੇ ਹੀ ਗੁਣ ਗ੍ਰਹਿਣ ਕਰਦਾ ਹੈ, ਉਸੇ ਨੂੰ ਵੇਖ ਕੇ ਸਿੱਖਦਾ ਅਤੇ ਵਿਚਰਦਾ ਹੈ।

ਸੋ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਦਿੱਤੀ ਸੇਧ ਨਾਲ ਉਨ੍ਹਾਂ ਦਾ ਭਵਿੱਖ ਵਧੀਆ ਬਣ ਜਾਂਦਾ ਹੈ। ਅਧਿਆਪਕਾਂ ਨੂੰ ਆਪਣੇ ਫ਼ਰਜ਼ਾਂ ਨੂੰ ਪਛਾਣ ਕੇ ਆਪਣੀ ਸੰਸਥਾ ਦਾ ਨਾਮ ਚਮਕਾਉਣਾ ਚਾਹੀਦਾ ਹੈ।

*-ਭੁਪਿੰਦਰ ਸਿੰਘ ਤੱਗੜ*
*89683 90100*

# ਸਰਬੰਸਦਾਨੀ ਅਤੇ ਸਰਬੰਸ ਕੁਰਬਾਨੀ ਵਿਚ ਕੀ ਫਰਕ ਏ

ਸਿਰਦਾਰਾਂ ਅਤੇ ਨਚਾਰਾਂ ਵਿਚ ਕੀ ਫਰਕ ਏ? ਜਦੋਂ ਸਾਨੂੰ ਇਸ ਘੁੰਡੀ ਦਾ ਹੀ ਪਤਾ ਨਹੀਂ ਤਾਂ ਸਾਡੀ ਬਹਾਦਰਾਂ ਦੀ ਕੌਮ ਦਾ ਹਾਲ ਤਾਂ ਇਹੀ ਹੋਣਾ ਸੀ ਜੋ ਅੱਜ ਹੈ। ਜਦੋਂ ਸਾਨੂੰ ਗੁਰਦਾਸ ਮਾਨ ਵਰਗੇ ਨਚਾਰ ਸਿੱਖਿਆ ਦੇਣ ਲੱਗ ਪੈਣ ਤਾਂ ਜੁਝਾਰੂਆਂ ਦੀ ਕੌਮ ਨੇ ਥਾਂ-ਥਾਂ ਠੋਕਰਾਂ ਤਾਂ ਖਾਣੀਆਂ ਹੀ ਹੋਈਆਂ। ਨਚਾਰ ਵੀ ਪੈਸੇ ਦੀ ਚਮਕ-ਦਮਕ ਨਾਲ ਕਲਾਕਾਰ ਅਖਵਾਉਣ ਲੱਗ ਪਏ ਅਤੇ ਆਪਣਾ ਰੁਤਬਾ ਬਦਲ ਲਿਆ, ਕੋਈ ਗੱਲ ਨਹੀਂ। ਪਰ ਜਦੋਂ ਯੂਨੀਵਰਸਿਟੀ ਦਾ ਪੜ੍ਹਿਆ-ਲਿਖਿਆ ਲੋਕਾਂ ਨੂੰ ਇਹ ਸਮਝਾਵੇ ਕਿ ਮੇਰੀ ਪਤਨੀ ਦੀ ਗਠੀਏ ਦੀ ਬਿਮਾਰੀ ਮਸਤਾਂ ਦੀ ਨਜ਼ਰ/ਮਿਹਰਬਾਨੀ ਨਾਲ ਹੀ ਠੀਕ ਹੋ ਗਈ ਤਾਂ ਸਿੱਖ ਕੌਮ ਨੂੰ ਬਚਾਉਣ ਵਾਲਾ ਕੋਈ ਨਹੀਂ। ਜਿਸ ਮਸਤ ਨੂੰ ਸਿਵਾਏ ਗਾਲ੍ਹਾਂ ਦੇ ਹੋਰ ਕੁੱਝ ਆਉਂਦਾ ਹੀ ਨਹੀਂ, ਕੱਪੜੇ ਪਾਉਣ ਦਾ ਵੱਲ ਵੀ ਨਹੀਂ, ਆਪਣੇ ਸਰੀਰ ਦੀ ਦੇਖ-ਰੇਖ ਦਾ ਵੀ ਪਤਾ ਨਹੀਂ, ਨਸ਼ਾ ਕਰਦੇ ਦੇ ਦੰਦ ਨਿਕਲ ਗਏ, ਹੱਥ ਵਿਚ ਚਿਲਮ ਤੇ ਓਹ ਵੀ ਧੁੱਖਦੀ ਨਾਲ ਤੰਬਾਕੂ ਦੇ ਤੇ ਅਖਵਾਵੇ ਆਪਣੇ ਆਪ ਨੂੰ ਤੀਸਰੇ ਪਾਤਸ਼ਾਹ ਦੀ ਬੰਸ ਚੋਂ, ਪਟਿਆਲਾ ਯੂਨੀਵਰਸਿਟੀ ਦਾ ਪੜ੍ਹਿਆ ਬੰਦਾ ਉਸਦੇ ਪੈਰਾਂ ਵਿਚ ਲਿਟ ਜਾਵੇ ਤਾਂ ਫਿਰ ਐਸੇ ਰੋਲ-ਮਾਡਲਾਂ ਨੇ ਆਪਣੇ ਚੇਲਿਆਂ ਨੂੰ ਡੋਬਣਾ ਹੀ ਹੋਇਆ। ਇਸ ਨੇ ਇਕ ਗੀਤ ਗਾਇਆ ਸੀ, " ਸਰਬੰਸ ਦਾਨੀਆਂ ਵੇ ਦੇਣਾ ਕੌਣ ਦਊਗਾ ਤੇਰਾ"। ਜੇਕਰ ਯੂਨੀਵਰਸਿਟੀ ਪਟਿਆਲਾ ਦੇ ਐਮ.ਏ ਕਲਾਸਾਂ ਵਾਲਿਆਂ ਨੂੰ ਇਹ ਨਹੀਂ ਪਤਾ ਕਿ "ਸਰਬੰਸਦਾਨੀ" ਤੇ "ਸਰਬੰਸ ਕੁਰਬਾਨੀ" ਵਿਚ ਕੀ ਫਰਕ ਏ ਤਾਂ ਸਾਡਾ ਰੱਬ ਰਾਖਾ। ਪੰਜਾਬੀ ਬੋਲੀ ਨੂੰ ਗਵਾਰਾਂ ਦੀ ਬੋਲੀ ਦੱਸਣ ਵਾਲੇ ਗੁਰਦਾਸ ਮਾਨ ਦਾ ਹੁਣ ਬਾਹਰਲੇ ਮੁਲਕਾਂ ਵਿਚ ਕਿਸੇ ਨੇ ਮੁੱਲ ਨਹੀਂ ਪਾਉਣਾ। ਇਸੇ ਕਰਕੇ ਸਤਿੰਦਰ ਸਰਤਾਜ ਤੋਂ ਜ਼ਫਰਨਾਮਾ ਗਾਇਨ ਕਰਵਾ ਕੇ ਚਮਕਾਇਆ ਜਾ ਰਿਹਾ ਹੈ। ਪਹਿਲੇ-ਪਹਿਲ ਉਹ ਪੱਗ ਤਾਂ ਬੰਨਦਾ ਸੀ ਪਰ ਵਾਲ ਪਿਛਾਂਹ ਨੂੰ ਲੰਮੇ ਸੁੱਟ ਕੇ, ਕਿਸੇ ਨੇ ਸਮਝਾਇਆ ਹੋਣਾ ਐ ਕਿ ਕਾਕਾ ਜੀ ਅੱਜ ਕੱਲ੍ਹ ਪੰਜਾਬ, ਚਾਹੇ ਚੜ੍ਹਦੇ ਵਾਲਾ ਹੋਵੇ ਚਾਹੇ ਛਿਪਦੇ ਵਾਲਾ, ਸੂਫੀ ਗੀਤਾਂ ਦਾ ਕੋਈ ਬਹੁਤਾ ਮੁੱਲ ਨਹੀਂ ਪਾਉਂਦਾ। ਇਸ ਕਰਕੇ ਆਪਣੀਆਂ ਜਟਾਂ ਸੰਭਾਲ ਕੇ ਚੰਗੀ ਟੂਟੀ ਵਾਲੀ ਪੱਗ ਬੰਨ। ਫਿਰ ਕਹੇ ਜਾਂਦੇ 'ਦਸਮ ਗ੍ਰੰਥ' ਵਿਚੋਂ ਕੁੱਝ ਚੋਟੀ ਦੀਆਂ ਬਾਣੀਆਂ ਗਾਇਨ ਕਰ। ਗੁਰਦਾਸ ਮਾਨ ਵਾਲਾ ਖਾਲੀ ਥਾਂ ਭਰ ਨਾਲੇ ਆਪਣੀ ਜੇਬ। ਬਹੁਤੇ ਸਿੱਖਾਂ ਨੇ ਬਗੈਰ ਸੋਚੇ ਸਮਝੇ ਆਪਣੀ ਉਨੇ ਲੁਹਾਉਣੀ ਹੀ ਹੁੰਦੀ ਹੈ ਤੇ ਚੁੱਪ-ਚਾਪ ਲਾਹ ਲੈ।

ਮੈਨੂੰ ਡਾ. ਗੰਡਾ ਸਿੰਘ ਹਿਸਟੋਰੀਅਨ ਅਤੇ ਮੇਰੇ ਜਰਮਨ ਦੋਸਤਾਂ ਦੀਆਂ ਗੱਲਾਂ ਯਾਦ ਹਨ ਕਿ ਜੇਕਰ ਕੋਈ ਬੋਲੀ ਸਿੱਖਣੀ ਹੈ ਤਾਂ ਉਸਨੂੰ ਉਸ ਦੇਸ਼ ਵਿਚ ਰਹਿ ਕੇ ਹੀ ਸਿੱਖਿਆ ਜਾ ਸਕਦਾ ਹੈ। ਮੈਂ ਅੱਜ ਵੀ ਜਰਮਨ ਚੰਗੀ ਤਰ੍ਹਾਂ ਪੜ੍ਹ, ਲਿਖ ਤੇ ਬੋਲ ਸਕਦਾ ਹਾਂ ਭਾਵੇਂ ਮੈਂ ਪਿਛਲੇ 35 ਸਾਲਾਂ ਤੋਂ ਜਰਮਨੀ ਵਿਚ ਨਹੀਂ ਹਾਂ ਕਿਉਂਕਿ ਮੈਂ ਤਿੰਨ ਸਾਲ ਜਰਮਨ ਬੋਲੀ ਯੂਨੀਵਰਸਿਟੀ ਵਿਚ ਸਿੱਖੀ ਅਤੇ 11 ਸਾਲ ਹੋਰ ਉਸ ਮੁਲਕ ਵਿਚ ਰਿਹਾ ਹਾਂ। ਇਸੇ ਹੀ ਤਰ੍ਹਾਂ ਡਾ. ਗੰਡਾ ਸਿੰਘ ਜੀ ਨੇ ਪਰਸ਼ੀਅਨ ਕਿਤਾਬਾਂ ਵਿਚੋਂ ਸਿੱਖ ਹਿਸਟਰੀ ਲਭਣ ਲਈ ਈਰਾਨ ਵਿਚ ਜਾ ਕੇ ਰਿਹਾਇਸ਼ ਕੀਤੀ। 'ਸ੍ਰੀ ਗੁਰੂ ਨਾਨਕ ਪ੍ਰਕਾਸ਼ ਇਤਿਹਾਸਕ ਪਰਿਪੇਖ' ਡਾ. ਕਿਰਪਾਲ ਦੀ ਕਿਤਾਬ ਪੜ੍ਹ ਰਿਹਾ ਸੀ। ਪੰਨਾ 40 ਤੇ ਇਕ ਲਫ਼ਜ਼ ਨਜ਼ਰੀਂ ਪਿਆ। ਫਾਰਸੀ ਦਾ ਲਫ਼ਜ਼ 'ਅਲੁਸ਼' ਗੁਰਮੁਖੀ ਵਿਚ 'ਅਲੁਫਾ' ਬਣ ਗਿਆ ਤੇ ਸਾਨੂੰ ਅਲੂਫਾ ਵੀ ਫਾਰਸੀ ਲੱਗਦੀ ਹੈ ਕਿਉਂਕਿ ਨਾ ਸਾਨੂੰ ਲਫ਼ਜ਼ 'ਅਲੁਸ਼' ਦਾ ਪਤਾ ਤੇ ਨਾ ਹੀ 'ਅਲੁਫਾ' ਦਾ। ਜਰਮਨੀ ਵਿਚ ਰਹਿੰਦਿਆਂ ਮੈਂ ਇਹ " ਜ਼ਫਰਨਾਮਾ " ਆਪਣੇ ਨਾਲ ਪੜ੍ਹਦੇ ਈਰਾਨੀ ਵਿਦਿਆਰਥੀਆਂ ਨੂੰ ਪੜ੍ਹ ਕੇ ਸੁਣਾਇਆ ਅਤੇ ਪੁੱਛਿਆ ਕਿ ਜੇ ਤੁਹਾਨੂੰ ਸਮਝ ਪਈ ਤਾਂ ਮੈਨੂੰ ਸਮਝਾਓ ਕਿ ਇਸ "ਜ਼ਫਰਨਾਮੇ" ਦਾ ਮਤਲਬ ਕੀ ਹੈ। ਜਵਾਬ ਵਿਚ ਓਹ ਕਹਿੰਦੇ ਕਿ ਸਾਨੂੰ ਤਾਂ ਇਸ ਦੀ ਸਮਝ ਹੀ ਨਹੀਂ ਪਈ ਕਿ ਤੂੰ ਕੀ ਪੜ੍ਹ ਰਿਹਾ ਹੈਂ? ਜੇਕਰ ਸਤਿੰਦਰ ਸਰਤਾਜ ਨੂੰ ਫਾਰਸੀ ਵਾਕਿਆ ਹੀ ਪੜ੍ਹਨੀ ਆਉਂਦੀ ਹੈ ਤਾਂ ਕਹੀ ਜਾਂਦੀ ਭਾਈ ਮਨੀ ਸਿੰਘ ਵਾਲੀ ਦਸਮ ਗ੍ਰੰਥ ਦੀ ਬੀੜ ਤੋਂ ਫਾਰਸੀ ਵਿਚ ਲਿਖਿਆ ਜ਼ਫਰਨਾਮਾ ਹੀ ਪੜ੍ਹ ਕੇ ਗਾਇਨ ਕਰਨਾ ਚਾਹੀਦਾ ਸੀ। ਅਸਲ ਵਿਚ 'ਜ਼ਫਰਨਾਮਾ' ਗੁਰੂ ਜੀ ਦੀ ਕ੍ਰਿਤ ਹੈ ਹੀ ਨਹੀਂ ਕਿਉਂਕਿ ਕਦੀ ਲਿਖਾਰੀ ਔਰੰਗਜ਼ੇਬ ਨੂੰ ਤਲਵਾਰ ਦਾ ਧਨੀ, ਬਹੁਤ ਸਿਆਣਾ ਅਤੇ ਭਗਵਾਨ ਦਾ ਰੂਪ ਵੀ ਲਿਖਦਾ ਹੈ। ਬੰਦ ਨੰਬਰ 59-64 ਤੱਕ ਲਿਖਾਰੀ ਇਕ ਹਜ਼ਾਰ ਦੇ ਘੋੜੇ ਬਦਲੇ ਸਾਰੀ 'ਬਰਾੜ' ਕੌਮ ਔਰੰਗਜ਼ੇਬ ਦੇ ਹਵਾਲੇ ਕਰਨ ਦੀ ਗੱਲ ਕਰਦਾ ਹੈ ਅਤੇ ਕਦੀ ਭੁੱਖ ਨਾਲ ਲਿਤੜੇ ਆਪਣੇ 40 ਸਿੰਘਾਂ ਦੀ ਸ੍ਰੀਰਕ ਕਮਜ਼ੋਰੀ ਦੱਸ ਕੇ ਦਸ ਲੱਖ ਫੌਜ ਨਾਲ ਮੁਕਾਬਲਾ ਨਾ ਕਰ ਸਕਣ ਦੀ ਅਸਮਰੱਥਾ ਵੀ ਜ਼ਾਹਰ ਕਰਦਾ ਹੈ। ਜੇਕਰ ਤੇਰਾ ਹੁਕਮ ਆ ਜਾਵੇ ਤਾਂ ਮੈਂ ਆਪਣੀ ਫੌਜ ਲੈ ਕੇ ਹਾਜ਼ਰ ਹੋ ਸਕਦਾ ਹਾਂ। ਵਾਸਤਵ ਵਿਚ ਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਨ ਯੋਧੇ ਨਾਲ ਐਸੀਆਂ ਲਿਖਤਾਂ ਮੜ੍ਹਨੀਆਂ ਗੁਰੂ ਜੀ ਦੀ ਸ਼ਖਸੀਅਤ ਨੂੰ ਕਲੰਕਤ ਕਰਨਾ ਹੀ ਕਹਿ ਸਕਦੇ ਹਾਂ। ਸਿੱਖ ਭਰਾਵੋ! ਐਵੇਂ ਨਾ ਫਸੋ ਚਲਾਕੀਆਂ ਵਿਚ, ਅਸਲੀਅਤ ਦੀ ਪਛਾਣ ਕਰੋ।

ਸਤਿੰਦਰ ਸਰਤਾਜ ਸਿੱਖ ਧਰਮ ਬਾਰੇ ਕਿਤਨਾ ਕੁ ਜਾਣਦਾ ਹੈ ਅਗੇ ਵਰਣਣ ਕੀਤੀ ਇਕ ਝਲਕੀ ਤੋਂ ਪਤਾ ਚੱਲ ਜਾਵੇਗਾ। ਹੰਸਾਲੀ ਵਾਲੇ ਬਾਬੇ ਅਜੀਤ ਸਿੰਘ, ਜਿਸ ਦਾ ਮੂੰਹ ਫੋੜੇ-ਫਿਨਸੀਆਂ ਨਾਲ ਭਰਿਆ ਪਿਆ ਹੈ ਤੇ ਦੇਖਣ ਨੂੰ ਵੀ ਦਿਲ ਨਹੀਂ ਕਰਦਾ, ਜੋ ਮਰ ਚੁੱਕਿਆ ਹੈ, ਦੇ ਦਰ ਤੇ ਇਹ ਝੋਲੀ ਅੱਡੀ ਕੋਈ ਦਾਤ ਮੰਗ ਰਿਹਾ ਹੈ।

ਆਓ ਹੁਣ ਗੱਲ ਕਰੀਏ ਅਸਲ ਮੁੱਦੇ ਦੀ, ਅੱਜ ਤੋਂ ਕੋਈ ਚਾਰ ਕੁ ਮਹੀਨੇ ਪਹਿਲਾਂ ਪ੍ਰਿੰਸੀਪਲ ਡਾ. ਦਲਜੀਤ ਸਿੰਘ, ਖਾਲਸਾ ਕਾਲਜ ਅੰਮ੍ਰਿਤਸਰ ਦੀ ਇੱਕ ਚਿੱਠੀ ਇੰਟਰਨੈਟ ਤੇ ਪੜ੍ਹਨ ਨੂੰ ਮਿਲੀ। ਕਿਉਂਕਿ ਮੈਂ ਵੀ 67-68 ਵਿਚ ਇਸੇ ਕਾਲਜ ਵਿਚ ਪ੍ਰੈਪ ਨਾਨ-ਮੈਡੀਕਲ ਪਾਸ ਕੀਤੀ ਸੀ ਇਸ ਕਰਕੇ ਮਨ ਵਿਚ ਬਹੁਤ ਚਾਓ ਪੈਦਾ ਹੋਇਆ ਕਿ ਇਸ ਚਿੱਠੀ ਨੂੰ ਛੇਤੀ-ਛੇਤੀ ਪੜ੍ਹਾਂ ਕਿ ਕੀ ਲਿਖਿਆ ਹੋਇਆ ਹੈ? ਇਤਨੀ ਵੱਡੀ ਸੰਸਥਾ ਦੇ ਪ੍ਰਿੰਸੀਪਲ ਦਾ ਗੁਰੂ ਗੋਬਿੰਦ ਸਿੰਘ ਜੀ ਨੂੰ ਸਰਬੰਸਦਾਨੀ ਲਿਖਿਆ ਪੜ੍ਹ ਕੇ ਬਹੁਤ ਪ੍ਰੇਸ਼ਾਨੀ ਹੋਈ ਕਿ ਸਾਡੀ ਕੌਮ ਦਾ ਕੀ ਬਣੂੰ? ਜਦੋਂ ਸਾਡੇ ਵਿਦਿਅਕ ਅਦਾਰਿਆਂ/ਸੰਸਥਾਵਾਂ ਦੇ ਮੋਢੀ ਹੀ ਇਸ ਦੀ ਮਿੱਟੀ ਪੁੱਟ ਰਹੇ ਹਨ। ਮੈਥੋਂ ਰੁਕਿਆ ਨਾ ਗਿਆ ਅਤੇ ਝੱਲੇ ਦਿੱਤੇ ਨੰਬਰ ਤੇ ਕਾਲ ਕਰਕੇ ਜਾਣ-ਪਹਿਚਾਣ ਕਰਾਉਣ ਤੋਂ ਬਾਅਦ ਪੁੱਛ ਹੀ ਲਿਆ। "ਪ੍ਰਿੰਸੀਪਲ ਜੀਓ! ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਪ੍ਰੀਵਾਰ, ਪਿਤਾ, ਮਾਤਾ, ਚਾਰ ਸਾਹਿਬਜ਼ਾਦੇ ਅਤੇ ਆਪਣਾ ਆਪ ਕਿਸ ਨੂੰ ਦਾਨ ਕੀਤਾ ਸੀ "? ਕੋਈ ਨਾਮ ਦੱਸ ਸਕਦੇ ਹੋ? ਜਵਾਬ ਸੀ " ਮੈਂ ਤਾਂ ਇਸ ਨੁਕਤੇ ਨੂੰ ਵੀਚਾਰਿਆ ਹੀ ਨਹੀਂ "। ਮੈਂ ਕਿਹਾ ਜੀ " ਤੁਸੀਂ ਐਨੇ ਵੱਡੇ ਅਹੁਦੇ ਤੇ ਹੁੰਦੇ ਹੋਏ ਨਹੀਂ ਵੀਚਾਰਦੇ ਤਾਂ ਮੈਂ ਹੋਰ ਕਿਸੇ ਨੂੰ ਕੀ ਆਖਾਂ? ਪਰ ਉਨ੍ਹਾਂ ਬੜੀ ਹਲੀਮੀ ਨਾਲ ਕਿਹਾ," ਵੀਰ ਜੀਓ! ਅੱਗੇ ਵਾਸਤੇ ਐਸੇ ਲਫ਼ਜ਼ਾਂ ਦਾ ਖਿਆਲ ਰੱਖਾਂਗਾ"। ਇਹ ਡਾ. ਦਲਜੀਤ ਸਿੰਘ ਪਟਿਆਲਾ ਯੂਨੀਵਰਸਿਟੀ ਵਾਲੇ ਡਾ. ਦਲਜੀਤ ਸਿੰਘ ਵਾਲਿਆ ਜੀ ਨਹੀਂ ਹਨ।

ਮਹਾਨ ਕੋਸ਼ ਦੇ ਪੰਨਾ 628 ਤੇ ਜਦੋਂ ਮੈਂ ਦਾਨ ਲਫ਼ਜ਼ ਦੇ ਮਤਲਬ ਦੇਖਦਾ ਹਾਂ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ "ਸਰਬੰਸਦਾਨੀ" ਨਾ ਹੋ ਕੇ "ਸਰਬੰਸ ਕੁਰਬਾਨੀ" ਸਾਬਤ ਹੁੰਦਾ ਹੈ। ਦਾਨ ਦਾ ਮਤਲਬ ਹੈ ਮੁਫਤ ਵਿਚ ਕੁੱਝ ਮਿਲਣਾ। " ਸਹੰਸਰ ਦਾਨ ਦੇ ਇੰਦ੍ਰ ਰੋਆਇਆ" ਵਾਰ ਰਾਮਕਲੀ ਮ:1 ॥ ਪੰਨਾ 953॥ ਇੰਦਰ ਦੇ ਹਿੰਦੂ-ਮਿੱਥ ਅਨੁਸਾਰ ਸਰਾਪ ਦੇ ਰੂਪ ਵਿਚ ਇਸਤ੍ਰੀ ਭਗ ਦੇ ਹਜ਼ਾਰ ਨਿਸ਼ਾਨ ਸਰੀਰ ਤੇ ਹੋ ਗਏ। ਰਾਜ ਨੀਤੀ ਦਾ ਇਕ ਅੰਗ, ਕੁੱਝ ਦੇ ਕੇ ਵੈਰੀ ਨੂੰ ਵਸ਼ ਕਰਨ ਦਾ ਉਪਾਓ। ਇਹ ਅਰਥ ਵੀ ਢੁਕਦੇ ਨਹੀਂ ਕਿਉਂਕਿ ਗੁਰੂ ਜੀ ਔਰੰਗਜ਼ੇਬ ਨੂੰ ਵੱਸ ਵਿਚ ਨਹੀਂ ਕਰਨਾ ਚਾਹੁੰਦੇ।

ਤੇਰੀਆ ਸਦਾ ਸਦਾ ਚੰਗਿਆਈਆਂ ॥ ਮੈ ਰਾਤਿ ਦਿਹੈ ਵਡਿਆਈਆਂ॥ ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ॥ (ਪੰਨਾ 73) ਹੇ ਪ੍ਰਭੂ! ਤੇਰੇ ਸਦਾ ਕਾਇਮ ਰਹਿਣ ਵਾਲੇ ਗੁਣ, ਤੇਰੀ ਮਿਹਰ ਨਾਲ, ਮੈਂ ਦਿਨੇ ਰਾਤ ਸਾਂਭ ਕੇ ਰੱਖਦਾ ਹਾਂ। ਗੁਰੂ ਨਾਨਕ ਜੀ ਕਹਿੰਦੇ ਹਨ ਪ੍ਰਭੂ ਸਾਡੇ ਮੰਗਣ ਤੋਂ ਬਿਨਾਂ ਹੀ ਹਰੇਕ ਦਾਤਿ ਦੇਈ ਜਾ ਰਿਹਾ ਹੈ ਅਤੇ ਸਾਨੂੰ ਉਸ ਪ੍ਰਮਾਤਮਾ ਦੇ ਸੱਚੇ ਗੁਣਾਂ ਨੂੰ ਆਪਣੇ ਹਿਰਦੇ ਵਿਚ ਵਸਾਉਣਾ ਚਾਹੀਦਾ ਹੈ।

ਮਹਾਨ ਕੋਸ਼ ਦੇ ਪੰਨਾ 342 ਤੇ ਕੁਰਬਾਨ ਦੇ ਮਤਲਬ ਹਨ 'ਨਿਛਾਵਰ ਕਰਨਾ', ਸਦਾ ਸਦਾ ਜਾਈਐ ਕੁਰਬਾਨ। ਆਪਣੇ ਸਿਧਾਂਤ ਤੇ ਡਟੇ ਰਹਿਣਾ ਚਾਹੇ ਜਿੰਦ-ਜਾਨ ਚਲੀ ਜਾਏ ਇਸ ਨੂੰ ਕੁਰਬਾਨੀ ਆਖਦੇ ਹਨ ਦਾਨ ਨਹੀਂ। ਸਿੱਖਾਂ ਨੂੰ ਇੱਕ ਇੱਕ ਗਲਤ ਅੱਖਰ ਸਿਖਾ ਕੇ ਆਪਣੇ ਸਿਧਾਂਤ ਨਾਲੋਂ ਤੋੜ ਦਿੱਤਾ ਅਤੇ ਪਤਾ ਵੀ ਨਹੀਂ ਲੱਗਣ ਦਿੱਤਾ। ਅਸੀਂ ਘੱਟ ਗਿਣਤੀ ਹੋਣ ਦੇ ਨਾਤੇ ਹਰ ਹਰਬੇ ਬਹੁ-ਗਿਣਤੀ ਨੂੰ ਖੁਸ਼ ਕਰਨ ਲਈ ਕੋਈ ਮੌਕਾ ਹੱਥੋਂ ਜਾਣ ਨਹੀਂ ਦਿੰਦੇ। ਜਿਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਕਵੀ ਸੈਨਾਪਤੀ ਗੁਰ ਸੋਭਾ ਗ੍ਰੰਥ ਵਿਚ ਲਿਖਦਾ ਹੈ, " ਪ੍ਰਗਟ ਭਏ ਗੁਰ ਤੇਗ ਬਹਾਦਰ। ਸਗਲ ਸ੍ਰਿਸਟ ਪੈ ਢਾਕੀ ਚਾਦਰ"। ਬਹੁ ਗਿਣਤੀ ਨੂੰ ਖੁਸ਼ ਕਰਨ ਲਈ ਸਾਡੇ ਪ੍ਰਚਾਰਕਾਂ ਨੇ "ਹਿੰਦ ਦੀ ਚਾਦਰ" ਬਣਾ ਧਰਿਆ ਤੇ ਅਸੀਂ ਚੁੱਪ ਕਰ ਗਏ। ਮੇਰੀ ਬੇਨਤੀ ਹੈ ਕਿ "ਸਰਬੰਸਦਾਨੀ" ਨਹੀਂ "ਸਰਬੰਸ ਦੀ ਕੁਰਬਾਨੀ" ਹੈ ਪਰ ਫਿਰ ਵੀ ਚੜ੍ਹਦੀ ਕਲਾ ਹੈ। 1971 'ਚ ਪਾਕਿਸਤਾਨੀ ਜਰਨੈਲ ਨਿਆਜ਼ੀ ਨੇ 75,000 ਹਥਿਆਰ ਬੰਦ ਫੌਜ ਦੇ ਹੁੰਦਿਆਂ-ਸੁੰਦਿਆਂ ਵੀ ਜਰਨੈਲ ਜਗਜੀਤ ਸਿੰਘ ਅਰੋੜਾ ਕੋਲ ਆਤਮ ਸਮਰਪਨ ਕਰ ਦਿੱਤਾ ਸੀ। ਪਰ ਗੁਰੂ ਜੀ ਕੋਲ ਚਮਕੌਰ ਦੇ ਜੰਗ ਤੋਂ ਬਾਅਦ ਸਿਰਫ ਚਾਰ-ਪੰਜ ਸਿੱਖ ਹੀ ਹਨ ਤੇ ਉਹ ਵੀ ਭੁੱਖੇ-ਭਾਣੇ। ਆਪਣੀ ਜਾਨ ਤੋਂ ਵੱਧ ਪਿਆਰੇ ਸਿੱਖਾਂ ਦੀ ਸ਼ਹਾਦਤ ਅਤੇ ਆਪਣੇ ਦੋ ਵੱਡੇ ਪੁੱਤਰਾਂ ਦੀ ਕੁਰਬਾਨੀ ਤੋਂ ਬਾਅਦ ਵੀ ਆਤਮ ਸਮਰਪਨ ਨਹੀਂ ਕੀਤਾ। ਸਰਬੰਸਦਾਨੀ ਨਹੀਂ ਯਾਦ ਰੱਖੋ ਸਰਬੰਸ ਕੁਰਬਾਨੀ ਹੈ ਦੇਣ ਵਾਲੇ ਨੂੰ।

*-ਗੁਰਚਰਨ ਸਿੰਘ*
*ਜਿਊਣ ਵਾਲਾ*
*#647 966 3132*

# ਵੀਰੇਸ਼ ਕੁਮਾਰ ਭਾਵਰਾ ਨੇ ਡੀਜੀਪੀ ਪੰਜਾਬ ਦਾ ਸੰਭਾਲਿਆ ਅਹੁਦਾ

ਚੰਡੀਗੜ 9 ਜਨਵਰੀ (ਗਿਆਨ ਸਿੰਘ) 1987 ਬੈਚ ਦੇ ਆਈਪੀਐਸ ਅਫ਼ਸਰ ਵੀਰੇਸ਼ ਕੁਮਾਰ ਭਾਵਰਾ ਨੇ ਸ਼ਨਿਚਰਵਾਰ ਨੂੰ ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਿਸ ਦਾ ਅਹੁਦਾ ਸੰਭਾਲ ਲਿਆ ਹੈ।

ਸੂਬਾ ਸਰਕਾਰ ਵੱਲੋਂ ਜਾਰੀ ਹੁਕਮਾਂ ਵਿੱਚ ਲਿਖਿਆ ਗਿਆ ਹੈ, "ਕੇਂਦਰ ਲੋਕ ਸੇਵਾ ਕਮਿਸ਼ਨ ਪੈਨਲ ਦੇ ਵਿਚਾਰ ਮੁਤਾਬਕ , ਪੰਜਾਬ ਦੇ ਰਾਜਪਾਲ , ਸ਼੍ਰੀ ਵੀਰੇਸ਼ ਕੁਮਾਰ ਭਾਵਰਾ, ਆਈ.ਪੀ.ਐਸ. ਨੂੰ ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ (ਪੁਲਿਸ ਮੁਖੀ) ਵਜੋਂ ਨਿਯੁਕਤ ਕਰਦੇ ਹੋਏ ਮਾਣ ਮਹਿਸੂਸ ਕਰਦੇ ਹਨ ।"



ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਨਵ-ਨਿਯੁਕਤ ਡੀ.ਜੀ.ਪੀ. ਪੰਜਾਬ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ- 2022 ਨੇੜੇ ਹਨ ਅਤੇ ਪੰਜਾਬ ਪੁਲਿਸ ਵਲੋਂ ਨਿਰਵਿਘਨ ਅਤੇ ਪਾਰਦਰਸ਼ੀ ਢੰਗ ਨਾਲ ਚੋਣਾਂ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇਗਾ।

ਡੀਜੀਪੀ ਵੀਰੇਸ਼ ਭਾਵਰਾ ਨੇ ਕਿਹਾ ਕਿ ਨਿਰਵਿਘਨ ਤੇ ਸੁਚਾਰੂ ਰੂਪ 'ਚ ਚੋਣਾਂ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਉਨਾਂ ਦਾ ਧਿਆਨ ਸੂਬੇ ਵਿੱਚੋਂ ਨਸ਼ਾਖੋਰੀ ਅਤੇ ਅੱਤਵਾਦ ਨੂੰ ਠੱਲ ਪਾਉਣ 'ਤੇ ਹੋਵੇਗਾ। ਉਨਾਂ ਅੱਗੇ ਕਿਹਾ ਕਿ ਲੋਕ ਕੇਂਦਰਤ ਪੁਲੀਸ ਸੇਵਾਵਾਂ ਅਤੇ ਪਬਲਿਕ ਸਰਵਿਸ ਡਿਲੀਵਰੀ ਪ੍ਰਮੁੱਖ ਤਰਜੀਹਾਂ ਵਿੱਚ ਸ਼ਾਮਲ ਹਨ।

ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਵੱਖ-ਵੱਖ ਅਪਰਾਧਾਂ ਦੀ ਜਾਂਚ ਲਈ ਤਕਨਾਲੋਜੀ ਦੀ ਵੱਧ ਤੋਂ ਵੱਧ ਵਰਤੋਂ ਕਰੇਗੀ।

ਜ਼ਿਕਰਯੋਗ ਹੈ ਕਿ ਸ਼੍ਰੀ ਵੀਰੇਸ਼ ਭਾਵਰਾ ਜੋ ਕਿ ਪੁਲਿਸ ਮੈਡਲ ਮੈਰੀਟੋਰੀਅਸ ਸਰਵਿਸ ਅਤੇ ਡਿਸਟਿੰਗੁਜ਼ਿਟ ਸੇਵਾ ਲਈ ਰਾਸ਼ਟਰਪਤੀ ਪੁਲਿਸ ਮੈਡਲ ਦੇ ਐਵਾਰਡੀ ਹਨ,ਨੇ ਪੰਜਾਬ, ਅਸਾਮ ਅਤੇ ਇੰਟੈਲੀਜੈਂਸ ਬਿਊਰੋ, ਭਾਰਤ ਸਰਕਾਰ ਵਿੱਚ ਵੱਖ-ਵੱਖ ਅਹੁਦਿਆਂ 'ਤੇ ਸ਼ਾਨਦਾਰ ਸੇਵਾਵਾਂ ਨਿਭਾਈਆਂ ਹਨ । ਉਹ ਐਸਐਸਪੀ ਮਾਨਸਾ, ਡੀਆਈਜੀ ਪਟਿਆਲਾ ਰੇਂਜ ਅਤੇ ਆਈਜੀਪੀ/ਬਠਿੰਡਾ ਵਜੋਂ ਵੀ ਕੰਮ ਕਰ ਚੁੱਕੇ ਹਨ। ਉਹ ਡੀਜੀਪੀ/ਏਡੀਜੀਪੀ - ਇੰਟੈਲੀਜੈਂਸ, ਪ੍ਰੋਵੀਜਨਿੰਗ ਅਤੇ ਆਧੁਨਿਕੀਕਰਨ, ਸੂਚਨਾ ਤਕਨਾਲੋਜੀ ਅਤੇ ਦੂਰਸੰਚਾਰ, ਬਿਊਰੋ ਆਫ ਇਨਵੈਸਟੀਗੇਸ਼ਨ, ਅੰਦਰੂਨੀ ਚੌਕਸੀ ਅਤੇ ਮਨੁੱਖੀ ਅਧਿਕਾਰ, ਅਤੇ ਭਲਾਈ ਦੇ ਤੌਰ 'ਤੇ ਪੰਜਾਬ ਪੁਲਿਸ ਦੇ ਵੱਖ-ਵੱਖ ਵਿੰਗਾਂ ਦੇ ਮੁਖੀ ਵਜੋਂ ਕੰਮ ਕਰ ਚੁੱਕੇ ਹਨ । ਉਨਾਂ ਬਿਊਰੋ ਆਫ ਇਨਵੈਸਟੀਗੇਸ਼ਨ ਦੀ ਸਿਰਜਣਾ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਬਿਊਰੋ ਦੇ ਪਹਿਲੇ ਨਿਰਦੇਸ਼ਕ ਵਜੋਂ ਵੀ ਤਾਇਨਾਤ ਰਹੇ ਹਨ। ਆਈਟੀ ਐਂਡ ਟੀ ਵਿੰਗ ਵਿੱਚ ਆਪਣੀ ਤਾਇਨਾਤੀ ਦੌਰਾਨ, ਉਨਾਂ ਨੇ ਸੀ.ਸੀ.ਟੀਐਨਐਸ ਪ੍ਰੋਜੈਕਟ ਨੂੰ ਲਾਗੂ ਕਰਨ ਅਤੇ ਪੰਜਾਬ ਪੁਲਿਸ ਦੁਆਰਾ ਸੋਸਲ ਮੀਡੀਆ ਦੀ ਕਿਰਿਆਸ਼ੀਲ ਵਰਤੋਂ ਦੀ ਅਗਵਾਈ ਕੀਤੀ।

# ਪੰਜਾਬ ਦੇ ਮੁੱਖ ਮੰਤਰੀ ਵੱਲੋਂ ਟਰੱਕ ਯੂਨੀਅਨ ਨੂੰ ਫਿਰ ਬਹਾਲ ਕਰਨ ਦੇ ਹੁਕਮ

ਜਲੰਧਰ, 9 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਟਰੱਕ ਆਪਰੇਟਰਾਂ ਦੀ ਲੰਬੇ ਸਮੇਂ ਤੋਂ ਲਟਕ ਰਹੀ ਮੰਗ ਨੂੰ ਪੂਰਾ ਕਰਦੇ ਹੋਏ ਕੱਲ੍ਹ ਭੰਗ ਕੀਤੀਆਂ ਹੋਈਆਂ ਟਰੱਕ ਯੂਨੀਅਨਾਂ ਨੂੰ ਫਿਰ ਬਹਾਲ ਕਰਨ ਦੇ ਹੁਕਮ ਦਿੱਤੇ ਹਨ, ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਨੇ 21 ਜੁਲਾਈ 2017 ਨੂੰ ਟਰੱਕ ਯੂਨੀਅਨਾਂ ਨੂੰ ਭੰਗ ਕਰ ਦਿੱਤਾ ਸੀ ਤੇ ਓਦੋਂ ਤੋਂ ਪੰਜਾਬ ਦੇ ਟਰੱਕ ਆਪਰੇਟਰਾਂ ਵੱਲੋਂ ਟਰੱਕ ਯੂਨੀਅਨਾਂ ਨੂੰ ਬਹਾਲ ਕਰਨ ਦੀ ਮੰਗ ਉੱਠ ਰਹੀ ਸੀ, ਜਿਸ ਨੂੰ ਕੱਲ੍ਹ ਮੰਨ ਲਿਆ ਹੈ। ਟਰੱਕ ਯੂਨੀਅਨਾਂ ਬਹਾਲ ਕਰਨ ਦੇ ਨਾਲ ਉਨ੍ਹਾਂ ਨੇ ਕਿਸੇ ਵੀ ਸਮੱਸਿਆ ਦੇ ਹੱਲ ਲਈ ਤਿੰਨ ਮੈਂਬਰੀ ਕਮੇਟੀ ਵੀ ਬਣਾਈ ਹੈ, ਜਿਸ ਦਾ ਚੇਅਰਮੈਨ ਹਰ ਥਾਂ ਐੱਸ ਡੀ ਐੱਮ ਮੈਜਿਸਟਰੇਟ ਨੂੰ ਬਣਾਇਆ ਹੈ, ਜਦ ਕਿ ਉਦਯੋਗ ਵਿਭਾਗ ਦਾ ਅਧਿਕਾਰੀ ਅਤੇ



ਟਰੱਕ ਯੂਨੀਅਨ ਦਾ ਮੈਂਬਰ ਇਸ ਵਿੱਚ ਸ਼ਾਮਲ ਹੋਵੇਗਾ। ਕਿਸੇ ਪ੍ਰਕਾਰ ਦੀ ਅਪੀਲ ਲਈ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਐਪੀਲੇਟ ਅਥਾਰਟੀ ਨਾਮਜ਼ਦ ਕੀਤਾ ਗਿਆ ਹੈ।

ਆਲ ਪੰਜਾਬ ਟਰੱਕ ਆਪਰੇਟਰ ਯੂਨੀਅਨ ਦੇ ਸੂਬਾ ਪ੍ਰਧਾਨ ਹੈਪੀ ਸੰਧੂ ਨੇ ਦੱਸਿਆ ਕਿ ਟਰੱਕ ਯੂਨੀਅਨਾਂ ਬਹਾਲ ਕਰਨ ਲਈ ਟਰੱਕ ਆਪਰੇਟਰਾਂ ਦੇ ਵਫਦ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਕੱਲ੍ਹ ਚੰਡੀਗੜ੍ਹ ਵਿਖੇ ਵਿਸ਼ੇਸ਼ ਮੀਟਿੰਗ ਕੀਤੀ ਸੀ, ਜਿਸ ਵਿੱਚ ਮੁੱਖ ਮੰਤਰੀ ਨੇ ਟਰੱਕ ਯੂਨੀਅਨਾਂ ਬਹਾਲ ਕਰਨ ਦਾ ਫੈਸਲਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਕੇਵਲ ਸਿੰਘ ਸਾਬਕਾ ਐਮ ਪੀ (ਪ੍ਰਧਾਨ ਲੇਬਰ ਯੂਨੀਅਨ ਪੰਜਾਬ), ਰਵਿੰਦਰ ਸਿੰਘ ਧਾਲੀਵਾਲ ਚੇਅਰਮੈਨ, ਜਸਵੀਰ ਸਿੰਘ ਉਪਲ ਮੀਤ ਪ੍ਰਧਾਨਆਦਿ ਵੀ ਸਨ।ਟਰੱਕ ਯੂਨੀਅਨਾਂ ਦੀ ਬਹਾਲੀ ਨਾਲ ਜਿੱਥੇ ਟਰੱਕ ਆਪਰੇਟਰਾਂ ਵਿੱਚ ਖੁਸ਼ੀ ਦੀ ਲਹਿਰ ਹੈ, ਉਥੇ ਸਨਅਤਕਾਰਾਂ ਤੇ ਕਾਰੋਬਾਰੀਆਂ ਨੇ ਇਸ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਆਲ ਇੰਡਸਟਰੀਜ਼ ਐਂਡ ਟਰੇਡ ਫੋਰਮ ਦੇ ਪ੍ਰਧਾਨ ਬਦੀਸ਼ ਜਿੰਦਲ ਨੇ ਕਿਹਾ ਕਿ ਵੋਟ ਰਾਜਨੀਤੀ ਕਰ ਕੇ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਚੋਣ ਜ਼ਾਬਤਾ ਲੱਗਣ ਤੋਂ ਕੁਝ ਘੰਟੇ ਪਹਿਲਾਂ ਟਰੱਕ ਯੂਨੀਅਨਾਂ ਨੂੰ ਬਹਾਲ ਕਰਨ ਦਾ ਹੁਕਮ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਟਰੱਕ ਯੂਨੀਅਨਾਂ ਬਹਾਲ ਹੋਣ ਨਾਲ ਸਨਅਤਕਾਰਾਂ ਦੇ ਭਾੜੇ ਵਿੱਚ ਪੰਜਾਹ ਤੋਂ ਸੱਠ ਫੀਸਦੀ ਵਾਧਾ ਹੋਵੇਗਾ ਅਤੇ ਰੋਜ਼ਾਨਾ ਸਨਅਤਕਾਰਾਂ ਤੇ ਕਾਰੋਬਾਰੀਆਂ ਨੂੰ ਟਰੱਕ ਆਪਰੇਟਰਾਂ ਨਾਲ ਤਕਰਾਰ ਦਾ ਸਾਹਮਣਾ ਕਰਨਾ ਪਵੇਗਾ।

# ਨੌਕਰੀ ਕਰਨ ਦੀ ਜ਼ਿਦ ਕਰਦੀ ਪਤਨੀ ਦਾ ਪਤੀ ਵੱਲੋਂ ਕਤਲ

ਲੁਧਿਆਣਾ, 9 ਜਨਵਰੀ (ਪੋਸਟ ਬਿਊਰੋ)- ਘਰ ਦੀ ਮਾਲੀ ਹਾਲਤ ਕਾਰਨ ਪਤੀ ਦੀ ਮੱਦਦ ਬਾਰੇ ਸੋਚਦੀ ਪਤਨੀ ਨੂੰ ਕੀ ਪਤਾ ਸੀ ਕਿ ਉਸ ਦੀ ਸੋਚ ਹੀ ਮੌਤ ਦਾ ਕਾਰਨ ਬਣ ਜਾਏਗੀ। ਆਨੰਦ ਨਗਰ ਵਿੱਚ ਰਹਿੰਦੀ ਔਰਤ ਘਰ ਦਾ ਖਰਚ ਚੰਗੇ ਢੰਗ ਨਾਲ ਚਲਾਉਣਾ ਚਾਹੁੰਦੀ ਸੀ, ਪਰ ਉਸ ਦੇ ਪਤੀ ਨੂੰ ਇਹ ਪਸੰਦ ਨਹੀਂ ਸੀ। ਇਹੀ ਗੱਲ ਕਲੇਸ਼ ਦਾ ਕਾਰਨ ਬਣੀ ਤੇ ਪਤੀ ਨੇ ਗੁੱਸੇ ਵਿੱਚ ਆ ਕੇ ਪਤਨੀ ਨੂੰ ਬੁਰੀ ਤਰ੍ਹਾਂ ਕੁੱਟਿਆ ਤੇ ਗਲਾ ਘੁੱਟ ਕੇ ਮਾਰ ਦਿੱਤਾ। ਮ੍ਰਿਤਕਾਸਿਮਰਨ (26) ਦੇ ਭਰਾ ਕਰਣ ਦੇ ਬਿਆਨਾਂ ਉੱਤੇਪੁਲਸ ਨੇ ਦੋਸ਼ੀ ਪਤੀ ਵਿਕਰਾਂਤ ਉੱਤੇ ਕਤਲ ਦਾ ਕੇਸ ਦਰਜ ਕਰ ਲਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਸਿਮਰਨ ਦਾ ਵਿਆਹ ਵਿਕਰਾਂਤ ਨਾਲ ਸੱਤ ਸਾਲ ਪਹਿਲਾਂ ਹੋਇਆ ਸੀ। ਉਨ੍ਹਾਂ ਦੇ ਦੋ ਬੱਚੇ ਇੱਕ ਬੇਟੀ ਤੇ ਇੱਕ ਬੇਟਾ ਹਨ। ਵਿਆਹ ਦੇ ਬਾਅਦ ਤੋਂ ਸਿਮਰਨ ਅਤੇ ਵਿਕਰਾਂਤ ਦਾ ਝਗੜਾ ਰਹਿੰਦਾ ਸੀ। ਸਿਮਰਨ ਨੌਕਰੀ ਕਰਨਾ ਚਾਹੁੰਦੀ ਸੀ ਤਾਂ ਕਿ ਘਰ ਦਾ ਖਰਚ ਸਹੀ ਢੰਗ ਨਾਲ ਚੱਲ ਸਕੇ, ਪਰ ਵਿਕਰਾਂਤ ਉਸ ਨੂੰ ਨੌਕਰੀ ਤੋਂ ਮਨ੍ਹਾ ਕਰਦਾ ਸੀ।ਇਸ ਤੋਂ ਪਹਿਲਾਂ ਵੀ ਦੋਵਾਂ ਵਿੱਚ ਝਗੜੇ ਹੋ ਚੁੱਕੇ ਹਨ ਅਤੇ ਨੌਬਤ ਪੰਚਾਇਤ ਤਕ ਪਹੁੰਚ ਚੁੱਕੀ ਸੀ। ਦੋਵਾਂ ਦਾ ਪਹਿਲਾਂ ਪੰਚਾਇਤੀ ਰਾਜ਼ੀਨਾਮਾ ਹੋ ਚੁੱਕਾ ਸੀ। ਸ਼ੁੱਕਰਵਾਰ ਸ਼ਾਮ ਦੋਵਾਂ ਦੀ ਕਾਫੀ ਬਹਿਸ ਹੋਈ ਤੇ ਗੁੱਸੇ ਵਿੱਚ ਵਿਕਰਾਂਤ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟ ਕੇ ਜ਼ਖਮੀ ਕਰ ਦਿੱਤਾ। ਇਸ ਤੋਂ ਬਾਅਦ ਉਸ ਨੇ ਗਲਾ ਘੁੱਟ ਕੇ ਸਿਮਰਨ ਨੂੰ ਮਾਰ ਦਿੱਤਾ। ਜਦ ਸਿਮਰਨ ਦੇ ਪਰਵਾਰ ਨੂੰ ਇਸ ਦਾ ਪਤਾ ਲੱਗਾ ਤਾਂ ਉਹ ਉਸ ਦੇ ਘਰ ਪਹੁੰਚੇ ਅਤੇ ਸਿਮਰਨ ਨੂੰ ਡੀ ਐਮ ਸੀ ਹਸਪਤਾਲ ਲੈ ਗਏ, ਪਰੰਤੂ ਉਥੇ ਪਹੁੰਚਣ ਉੱਤੇ ਪਤਾ ਲੱਗਾ ਕਿ ਸਿਮਰਨ ਦੀ ਮੌਤ ਹੋ ਚੁੱਕੀ ਹੈ।

# ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈਆਂ ਵੱਡੀ ਗਿਣਤੀ 'ਚ ਸੰਗਤਾਂ

*** ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸਜਾਏ ਗਏ ਧਾਰਮਿਕ ਦੀਵਾਨ**

ਅੰਮ੍ਰਿਤਸਰ, 9 ਜਨਵਰੀ (ਗਿਆਨ ਸਿੰਘ) - ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਰਬੰਸਦਾਨੀ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਪੁੱਜ ਕੇ ਦਰਸ਼ਨ ਇਸ਼ਨਾਨ ਕਰਨ ਦੇ ਨਾਲ-ਨਾਲ ਗੁਰਬਾਣੀ ਕੀਰਤਨ ਸਰਵਣ ਕੀਤਾ। ਪ੍ਰਕਾਸ਼ ਦਿਹਾੜੇ ਮੌਕੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਅਲੌਕਿਕ ਜਲੌ ਸਜਾਏ ਗਏ ਜਿਸ ਦੇ ਦਰਸ਼ਨ ਕਰਕੇ ਸੰਗਤ ਨੇ ਅਨੰਦ ਮਾਣਿਆ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤਾਂ ਅੰਮ੍ਰਿਤ ਵੇਲੇ ਤੋਂ ਹੀ ਪੁੱਜਣੀਆਂ ਸ਼ੁਰੂ ਹੋ ਗਈਆਂ ਸਨ ਅਤੇ ਸਾਰਾ ਦਿਨ ਸੰਗਤ ਦੀ ਆਮਦ ਨਿਰੰਤਰ ਬਣੀ ਰਹੀ। ਇਸੇ ਦੌਰਾਨ ਹੀ ਗੁਰਪੁਰਬ ਦੇ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਸੰਗਤਾਂ ਨੂੰ ਪਾਵਨ ਹੁਕਮਨਾਮਾ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਸਰਵਨ ਕਰਵਾਇਆ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਸਾਰਾ ਦਿਨ ਸਜੇ ਧਾਰਮਿਕ ਦੀਵਾਨ ਵਿਚ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕਾਂ ਤੇ ਪੰਥਕ ਕਵੀਆਂ ਨੇ ਹਾਜਰੀ ਭਰੀ ਅਤੇ ਗੁਰੂ ਸਾਹਿਬ ਜੀ ਦਾ ਜੀਵਨ ਇਤਿਹਾਸ ਸੰਗਤ ਨਾਲ ਸਾਂਝਾ ਕੀਤਾ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਮਲਕੀਤ ਸਿੰਘ ਬਹਿੜਵਾਲ, ਸ. ਸੁਖਰਾਜ ਸਿੰਘ, ਸ. ਬਘੇਲ ਸਿੰਘ, ਸ. ਸਤਨਾਮ ਸਿੰਘ, ਸ. ਨਿਸ਼ਾਨ ਸਿੰਘ, ਸਮੇਤ ਹੋਰ ਮੌਜੂਦ ਸਨ।

# ਆਖੰਡ ਪਾਠ ਦੀ ਡਿਊਟੀ ਦੇ ਝਗੜੇ ਵਿੱਚ ਪਾਠੀ ਵੱਲੋਂ ਪਾਠੀ ਦਾ ਕਤਲ

ਬਟਾਲਾ, 9 ਜਨਵਰੀ (ਪੋਸਟ ਬਿਊਰੋ)- ਪਿੰਡ ਦਾਬਾਂਵਾਲੀ ਵਿੱਚ ਪਾਠ ਕਰਨ ਬਾਰੇ ਦੋ ਪਾਠੀ ਸਿੰਘਾਂ ਵਿੱਚ ਝਗੜੇਕਾਰਨ ਇੱਕ ਪਾਠੀ ਸਿੰਘ ਨੇ ਦੂਸਰੇ ਪਾਠੀ ਸਿੰਘ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਹੈ।

ਥਾਣਾ ਘਣੀਏ ਕੇ ਬਾਂਗਰ ਦੇ ਐਸ ਐਚ ਓ ਨੇ ਦੱਸਿਆ ਕਿ ਪਿੰਡ ਦਾਬਾਂਵਾਲੀ ਵਿੱਚ ਅਵਤਾਰ ਸਿੰਘ ਪੁੱਤਰ ਅਜੀਤ ਸਿੰਘ ਦੇ ਘਰਲੜੀਵਾਰ 101 ਸ੍ਰੀ ਅਖੰਡ ਪਾਠ ਸਾਹਿਬ ਚੱਲਦੇ ਸੀ, ਜਿੱਥੇ ਪਾਠੀ ਸਿੰਘ ਲਖਬੀਰ ਸਿੰਘ ਵਾਸੀ ਦਾਬਾਂਵਾਲੀ ਅਤੇ ਕਸ਼ਮੀਰ ਸਿੰਘ ਵਾਸੀ ਦਲੇਰਪੁਰ ਪਿਛਲੇ ਕੁਝ ਦਿਨਾਂ ਤੋਂ ਪਾਠ ਕਰਨ ਦੀ ਡਿਊਟੀ ਕਰਦੇ ਸਨ। ਕੱਲ੍ਹ ਸਵੇਰੇ ਕਰੀਬ ਤਿੰਨ ਵਜੇ ਦੋਵਾਂ ਪਾਠੀ ਸਿੰਘਾਂਦਾ ਪਾਠ ਕਰਨ ਦੇ ਸਮੇਂ ਤੋਂਝਗੜਾ ਹੋ ਗਿਆ।ਉਨ੍ਹਾਂ ਕਿਹਾ ਕਿ ਪਾਠੀ ਲਖਬੀਰ ਸਿੰਘ ਦਾ ਸਮਾਂ ਪਿੱਛੋਂ ਸੀ ਅਤੇ ਉਹ ਪਹਿਲਾਂ ਪਾਠ ਕਰਨਾ ਚਾਹੁੰਦਾ ਸੀ ਅਤੇ ਕਸ਼ਮੀਰ ਸਿੰਘ ਦਾ ਸਮਾਂ ਪਹਿਲਾਂ ਸੀ ਅਤੇ ਉਹ ਆਪਣੇ ਸਮੇਂ ਮੁਤਾਬਕ ਪਾਠ ਕਰਨਾ ਚਾਹੁੰਦਾ ਸੀ। ਇਸੇ ਗੱਲ ਤੋਂ ਦੋਵਾਂ ਦਾ ਝਗੜਾ ਹੋ ਗਿਆ ਤਾਂ ਲਖਬੀਰ ਸਿੰਘ ਨੇ ਤੇਜ਼ਧਾਰ ਹਥਿਆਰ ਨਾਲ ਕਸ਼ਮੀਰ ਸਿੰਘ ਉੱਤੇ ਹਮਲਾ ਕਰ ਦਿੱਤਾ, ਜਿਸ ਕਾਰਨ ਉਹ ਜ਼ਖਮੀ ਹੋ ਗਿਆ ਅਤੇ ਜ਼ਖਮਾਂ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਲਖਬੀਰ ਸਿੰਘ ਵਿਰੁੱਧ ਕਤਲ ਦਾ ਕੇਸ ਦਰਜ ਕਰ ਕੇ ਗ੍ਰਿਫਤਾਰ ਕਰ ਲਿਆ ਹੈ।




# ਪੰਜਾਬ ਸਰਕਾਰੀ ਸਿਖਲਾਈ ਸੰਸਥਾਵਾਂ ਰਾਹੀਂ ਆਈਲੈਟਸ ਦੀ ਸਿਖਲਾਈ ਦੇਣ ਵਾਲਾ ਪਹਿਲਾ ਸੂਬਾ

***ਕੈਂਬਰਿਜ ਯੂਨੀਵਰਸਿਟੀ ਪ੍ਰੈਸ ਇੰਡੀਆ ਨਾਲ ਐਮ ਓ ਯੂ ਸਹੀਬੱਧ**

ਚੰਡੀਗੜ, 9 ਜਨਵਰੀ (ਗਿਆਨ ਸਿੰਘ) ਰਾਜ ਦੇ ਨੌਜਵਾਨਾਂ ਨੂੰ ਮਿਆਰੀ ਅਤੇ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਕੈਂਬਰਿਜ਼ ਯੂਨੀਵਰਸਿਟੀ ਪ੍ਰੈਸ ਇੰਡੀਆ ਦੇ ਸਹਿਯੋਗ ਨਾਲ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈ.) ਰਾਹੀਂ ਆਈਲੈਟਸ ਦੀ ਕੋਚਿੰਗ ਦੇਣ ਦਾ ਨਵਾਂ ਵਿਚਾਰ ਸ਼ੁਰੂ ਕੀਤਾ ਹੈ। ਕੈਮਬ੍ਰਿਜ ਯੂਨੀਵਰਸਿਟੀ ਪ੍ਰੈਸ ਇੰਡੀਆ ਕੈਂਬ੍ਰਿਜ ਯੂਨੀਵਰਸਿਟੀ ਪ੍ਰੈਸ ਯੂਕੇ ਦੀ ਇੱਕ ਸਹਾਇਕ ਕੰਪਨੀ ਹੈ, ਜੋ ਕਿ ਕੈਂਬ੍ਰਿਜ ਯੂਨੀਵਰਸਿਟੀ ਦਾ ਪ੍ਰਕਾਸ਼ਨ ਕਾਰੋਬਾਰ ਹੈ ਅਤੇ ਵਿਦਿਅਕ ਕੋਰਸਾਂ ਅਤੇ ਸਿੱਖਿਆ ਸਮੱਗਰੀ ਨੂੰ ਵਿਕਸਤ ਅਤੇ ਪ੍ਰਕਾਸ਼ਤ ਕਰਦੀ ਹੈ।




ਯੂਨੀਵਰਸਿਟੀ ਨਾਲ ਸਮਝੌਤਾ (ਐਮਓਯੂ) ਸਹੀਬੱਧ ਕਰਨ ਲਈ ਇੱਥੇ ਹੋਏ ਸਮਾਗਮ ਦੌਰਾਨ ਪੰਜਾਬ ਦੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਹਰ ਸਾਲ ਲਗਭਗ 6 ਲੱਖ ਪੰਜਾਬੀ ਵਿਦਿਆਰਥੀ ਆਈਲੈਟਸ ਦੀ ਤਿਆਰੀ ਕਰਦੇ ਹਨ ਅਤੇ ਅਜਿਹੇ ਵਿਦਿਆਰਥੀਆਂ ਲਈ ਨਵੇਂ ਵਿਦਿਅਕ ਮੌਕੇ ਖੋਜਣਾ ਹੀ ਸਮੇਂ ਦੀ ਮੰਗ ਹੈ। ਉਨਾਂ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਸੂਬੇ ਵਿੱਚ ਇੱਕ ਅਜਿਹਾ ਮਾਹੌਲ ਸਿਰਜਣਾ ਹੈ ਜਿੱਥੇ ਸਾਡੇ ਵਿਦਿਆਰਥੀਆਂ ਦੀ ਸਮਰੱਥਾ ਨੂੰ ਵਿਸ਼ਵ ਪੱਧਰੀ ਬਣਾਇਆ ਜਾ ਸਕੇ। ਉਨਾਂ ਕਿਹਾ ਕਿ ਜੇ ਪੂਰੇ ਵਿਸ਼ਵ ਦੀ ਗੱਲ ਕਰੀਏ ਤਾਂ ਭਾਰਤ ਵਿੱਚ ਨੌਜਵਾਨ ਆਬਾਦੀ ਸਭ ਤੋਂ ਵੱਧ ਹੈ ਅਤੇ ਇਸ ਨੂੰ ਵਿਲੱਖਣ ਸਿੱਖਿਆ ਦੀ ਲੋੜ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਸਮਝੌਤੇ ਵਿੱਚ ਇੱਕ ਅਧਿਕਾਰਤ ਪ੍ਰੀਖਿਆ ਕੇਂਦਰ ਰਾਹੀਂ ਟ੍ਰੇਨਰਾਂ ਲਈ ਇੱਕ ਅਧਿਆਪਕ ਸਿਖਲਾਈ ਪ੍ਰੋਗਰਾਮ ਸ਼ਾਮਲ ਹੈ ਅਤੇ ਯੂਨੀਵਰਸਿਟੀ ਵੱਲੋਂ ਟੀਚਿੰਗ ਮਾਡਿਊਲ ਦੇ ਨਾਲ-ਨਾਲ ਸਮੱਗਰੀ ਅਤੇ ਅਧਿਆਪਨ ਭਾਗੀਦਾਰਾਂ ਵੀ ਪ੍ਰਦਾਨ ਕੀਤੇ ਜਾਣਗੇ। "ਪੰਜਾਬ ਭਾਰਤ ਦਾ ਇੱਕ ਪ੍ਰਮੁੱਖ ਪ੍ਰਵਾਸ ਸੂਬਾ ਹੈ ਜਿੱਥੇ ਬਹੁਤ ਵਿਆਪਕ ਪ੍ਰਵਾਸੀ ਗਿਣਤੀ ਮੌਜਦੂ ਹੈ, ਜੋ ਆਪਣੀ ਮਿਹਨਤ ਅਤੇ ਉੱਦਮਤਾ ਲਈ ਜਾਣਿਆ ਜਾਂਦੇ ਹਨ। ਉਨਾਂ ਨੇ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਆਪਣੇ ਆਪ ਨੂੰ ਸਥਾਪਿਤ ਕੀਤਾ ਹੈ, ਜਿੱਥੇ ਰਹਿਣ, ਕੰਮ ਕਰਨ ਜਾਂ ਅਧਿਐਨ ਕਰਨ ਲਈ ਜਾਣ ਵਾਲਿਆਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ ਹੈ। ਉਨਾਂ ਕਿਹਾ ਕਿ ਅਸੀਂ ਇਹ ਪਤਾ ਲਗਾਉਣਾ ਚਾਹੁੰਦੇ ਹਾਂ ਕਿ ਉਹਨਾਂ ਦੀ ਬਾਹਰ ਜਾਣ ਤੋਂ ਪਹਿਲਾਂ ਉਹਨਾਂ ਨੂੰ ਅੰਗਰੇਜ਼ੀ ਜਾਂ ਹੋਰ ਵਿਦੇਸ਼ੀ ਭਾਸ਼ਾਵਾਂ ਵਿੱਚ ਬਿਹਤਰ ਸਿਖਲਾਈ ਕਿਵੇਂ ਦਿੱਤੀ ਜਾ ਸਕੇ ਤਾਂ ਜੋ ਵਿਦੇਸ਼ ਜਾ ਕੇ ਉਹ ਆਸਾਨੀ ਨਾਲ ਨੌਕਰੀਆਂ ਪ੍ਰਾਪਤ ਕਰਨ ਦੇ ਯੋਗ ਹੋ ਸਕਣ।

ਰਾਣਾ ਗੁਰਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦਿਆਂ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੂੰ ਸਰਕਾਰ ਵਲੋਂ ਸਰਕਾਰੀ ਆਈ.ਟੀ.ਆਈਜ ਅਤੇ ਸਰਕਾਰਾਂ ਵਿੱਚ ਆਈਲੈਟਸ ਦੀ ਕੋਚਿੰਗ ਅਤੇ ਸਿਖਲਾਈ ਪ੍ਰਦਾਨ ਕਰਨ ਲਈ ਕੈਂਬਰਿਜ ਯੂਨੀਵਰਸਿਟੀ ਪ੍ਰੈਸ ਇੰਡੀਆ ਨਾਲ ਸਮਝੌਤਾ ਕਰਨਾ ਪੰਜਾਬ ਲਈ ਬਹੁਤ ਮਾਣ ਵਾਲੀ ਗੱਲ ਹੈ। ਪੰਜਾਬ ਭਰ ਵਿੱਚ ਪੋਲੀਟੈਕਨਿਕ ਕਾਲਜ ਅਸੀਂ ਜਿਲਾ ਰੋਜ਼ਗਾਰ ਅਤੇ ਉੱਦਮ ਬਿਊਰੋਜ (ਡੀਬੀਈਈਜ਼) ਦੀ ਇੱਕ ਬਹੁਤ ਹੀ ਮਜਬੂਤ ਪ੍ਰਣਾਲੀ ਰਾਹੀਂ ਕਾਨੂੰਨੀ ਰਾਹਾਂ ਰਾਹੀਂ ਵਿਦੇਸ਼ਾਂ ਵਿੱਚ ਨੌਜਵਾਨਾਂ ਦੇ ਪ੍ਰਵਾਸ ਦੀ ਸਹੂਲਤ ਲਈ ਪੰਜਾਬ ਵਿੱਚ ਵਿਦੇਸ਼ੀ ਅਧਿਐਨ ਅਤੇ ਪਲੇਸਮੈਂਟ ਸੈੱਲ ਦੀ ਸਥਾਪਨਾ ਕੀਤੀ ਹੈ।

ਇਸ ਸਮਝੌਤਾ ਮੁਤਾਬਕ ਲਗਭਗ 40000 ਚਾਹਵਾਨ ਨੌਜਵਾਨਾਂ ਨੂੰ ਸਿੱਖਿਅਤ ਅਤੇ ਪ੍ਰਮਾਣਿਤ ਟ੍ਰੇਨਰਾਂ ਵਲੋਂ ਸਰਕਾਰੀ ਤਕਨੀਕੀ ਸੰਸਥਾਵਾਂ ਵਿੱਚ ਆਈਲੈਟਸ ਦੀ ਕੋਚਿੰਗ ਅਤੇ ਸਿਖਲਾਈ ਦਿੱਤੀ ਜਾਵੇਗੀ।



# ਮਿਸ਼ਨਰੀਜ਼ ਆਫ ਚੈਰਿਟੀ ਦਾ ਵਿਦੇਸ਼ੀ ਫੰਡਾਂ ਦਾ ਲਾਇਸੈਂਸ ਬਹਾਲ

### * ਮਦਰ ਟੈਰੇਸਾ ਦੇ ਸੰਗਠਨ ਉੱਤੇ ਲਾਈ ਰੋਕ ਕੇਂਦਰ ਸਰਕਾਰ ਨੇ ਚੁੱਕੀ

ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਮਿਸ਼ਨਰੀਜ਼ ਆਫ ਚੈਰਿਟੀ ਦੀ ਵਿਦੇਸ਼ੀ ਚੰਦਾ ਰੈਗੂਲੇਸ਼ਨ ਐਕਟ ਹੇਠ ਰਜਿਸਟਰੇਸ਼ਨ ਬਹਾਲ ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਰਜਿਸਟਰੇਸ਼ਨ ਵਾਪਸ ਲੈ ਲਈ ਗਈ ਸੀ, ਕਿਉਂਕਿ ਮੰਤਰਾਲੇ ਨੂੰ ਸੰਸਥਾ ਦੇ ਖਿਲਾਫ ਕੁਝ ਮਾੜੀ ਸੂਚਨਾ ਮਿਲੀ ਸੀ। ਮੰਤਰਾਲੇ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਫਾਰੇਨ ਐਕਸਚੇਂਜ ਰੈਗੂਲੇਸ਼ਨ ਐਕਟ(ਐਫ ਸੀ ਆਰ ਏ) ਦਾ ਲਾਇਸੈਂਸ ਬਹਾਲ ਹੋਣ ਨਾਲ ਕੋਲਕਾਤਾ ਦੀ ਸੰਸਥਾ ਵਿਦੇਸ਼ ਤੋਂ ਚੰਦਾ ਲੈ ਸਕੇਗੀ ਤੇ ਬੈਂਕਾਂ




ਵਿੱਚ ਪਿਆ ਆਪਣਾ ਪੈਸਾ ਖਰਚ ਵੀ ਕਰ ਸਕੇਗੀ। ਮਿਸ਼ਨਰੀਜ਼ ਆਫ ਚੈਰਿਟੀ ਇੱਕ ਕੈਥੋਲਿਕ ਧਾਰਮਿਕ ਸੰਗਠਨ ਹੈ, ਜੋ 1950 ਵਿੱਚ ਮਦਰ ਟੈਰੇਸਾ ਨੇ ਸਥਾਪਤ ਕੀਤਾ ਸੀ। ਸੰਸਥਾ ਨੇ ਆਪਣੇ ਪੱਧਰ ਉੱਤੇ ਲਾਇਸੈਂਸ ਬਹਾਲ ਹੋਣ ਬਾਰੇ ਕੋਈ ਟਿੱਪਣੀ ਨਹੀਂ ਕੀਤੀ, ਪਰ ਉਥੋਂ ਦੇ ਇੱਕ ਵੱਡੇ ਅਧਿਕਾਰੀ ਨੇ ਨਾਂਅ ਨਾ ਛਾਪਣ ਦੀ ਸ਼ਰਤ ਦੱਸਿਆ ਹੈ ਕਿ ਰਜਿਸਟਰੇਸ਼ਨ ਸੱਤ ਜਨਵਰੀ ਤੋਂ ਬਹਾਲ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ: 'ਅਸੀਂ ਅਜਿਹਾ ਹੋਣ ਉਤੇ ਖੁਸ਼ੀ ਮਹਿਸੂਸ ਕਰ ਰਹੇ ਹਾਂ। ਅਸੀਂ ਲੋਕਾਂ ਵੱਲੋਂ ਦਿੱਤੀ ਜਾਂਦੀ ਮਾਲੀ ਮਦਦ ਨਾਲ ਗਰੀਬਾਂ ਤੇ ਹੋਰ ਪੱਛੜਿਆਂ ਦੀ ਮੱਦਦ ਕਰਨੀਜਾਰੀ ਰੱਖਾਂਗੇ। ਐਫ ਸੀ ਆਰ ਏ ਬਹਾਲ ਹੋਣਾ ਰਾਹਤ ਦੀ ਖਬਰ ਹੈ।' ਗ੍ਰਹਿ ਮੰਤਰਾਲੇ ਨੇ 27 ਦਸੰਬਰ ਨੂੰ ਕਿਹਾ ਸੀ ਕਿ ਇਸ ਨੇ ਇਸ ਸੰਸਥਾ ਦੀ ਐਫ ਸੀ ਆਰ ਏ ਰਜਿਸਟਰੇਸ਼ਨ 'ਸਹੀ ਜਾਣਕਾਰੀ ਨਾ ਮਿਲਣ ਕਾਰਨ ਰੱਦ ਕਰ ਦਿੱਤੀ ਹੈ।' ਉਨ੍ਹਾਂ ਕਿਹਾ ਸੀ ਕਿ ਸੰਸਥਾ ਦੇ ਖਾਤੇ ਬੰਦ ਨਹੀਂ ਕੀਤੇ ਗਏ, ਪਰ ਐਸ ਬੀ ਆਈ (ਸਟੇਟ ਬੈਂਕ ਆਫ ਇੰਡੀਆ) ਨੇ ਦੱਸਿਆ ਸੀ ਕਿ ਗੈਰ ਸਰਕਾਰੀ ਸੰਗਠਨ ਨੇ ਖੁਦ ਉਨ੍ਹਾਂ ਨੂੰ ਖਾਤੇ ਸੀਲ ਕਰਨ ਲਈ ਕਹਿ ਦਿੱਤਾ ਹੈ। ਇਹ ਮੁੱਦਾ ਜਨਤਕ ਹੋਣ ਉੱਤੇ ਕਾਂਗਰਸ ਸਣੇ ਕਈ ਵਿਰੋਧੀ ਧਿਰਾਂ, ਜਿਨ੍ਹਾਂ ਵਿੱਚ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਸ਼ਾਮਲ ਸੀ, ਨੇ ਕੇਂਦਰ ਸਰਕਾਰ ਦੀ ਨਿੰਦਾਕੀਤੀ ਸੀ। ਟੀ ਐਮ ਸੀ ਆਗੂ ਡੈਰੇਕ ਓ'ਬਰਾਈਨ ਨੇ ਕੱਲ੍ਹ ਟਵੀਟ ਕੀਤਾ ਕਿ 'ਪਹਿਲਾਂ ਸਹੀ ਜਾਣਕਾਰੀ ਨਾ ਮਿਲਣ ਦੇ ਬਹਾਨੇ ਹੇਠ ਕਈਆਂ ਨੂੰ ਜ਼ਲੀਲ ਕੀਤਾ ਤੇ ਫਿਰ ਦੋ ਹਫਤਿਆਂ ਵਿੱਚ ਰਜਿਸਟਰੇਸ਼ਨ ਵਾਪਸ ਆ ਗਈ।' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਤੇ ਵਿਅੰਗ ਕਸਦਿਆਂ ਡੈਰੇਕ ਨੇ ਕਿਹਾ, ''ਪਿਆਰ ਦੀ ਤਾਕਤ 56 ਇੰਚ ਦੇ ਸੀਨੇ ਤੋਂ ਵੱਧ ਤਾਕਤਵਰ ਹੈ।''

# ਭਾਰਤ 'ਚ ਚੈਰੀਟੇਬਲ ਸੰਸਥਾਵਾਂ ਦੇ ਲਾਇਸੈਂਸ ਮੁੱਦੇ ਦੀ ਬ੍ਰਿਟੇਨ ਵੱਲੋਂ ਮੁੜ ਵਿਚਾਰ

ਲੰਡਨ, 9 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਸਰਕਾਰ ਨੇ ਗੈਰ ਸਰਕਾਰੀ ਸੰਸਥਾਵਾਂ (ਐਨ ਜੀ ਓਜ਼) ਨੂੰ ਫੰਡ ਪ੍ਰਾਪਤ ਕਰਨ ਲਈ ਲੋੜੀਂਦੇ ਲਾਇਸੈਂਸਾਂ ਉੱਤੇ ਭਾਰਤ ਸਰਕਾਰ ਵੱਲੋਂ ਫਾਰੇਨ ਐਕਸਚੇਂਜ ਰੈਗੂਲੇਸ਼ਨ ਐਕਟ (ਐਫ ਸੀ ਆਰ ਏ) ਦੀ ਵਰਤੋਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਨ ਲਈ ਅਜਿਹੇ ਕੇਸਾਂ ਦੀ ਗਿਣਤੀ ਪੁੱਛੀ ਹੈ। ਇਹ ਜਾਣਕਾਰੀ ਹਾਊਸ ਆਫ ਲਾਰਡਜ਼ ਨੂੰ ਇੱਕ ਚਰਚਾ ਦੌਰਾਨ ਦਿੱਤੀ ਗਈ ਹੈ।



ਮਿਲੀ ਜਾਣਕਾਰੀ ਅਨੁਸਾਰ ਬ੍ਰਿਟੇਨ ਦੀ ਪਾਰਲੀਮੈਂਟ ਦੇ ਉਪਰਲੇ ਸਦਨ ਦੇ ਮੈਂਬਰਾਂ ਨੇ ਇਸ ਮੁੱਦੇ ਉਤੇ ਬਹਿਸ ਕੀਤੀ ਹੈ। ਪੇਂਟਰੇਗਾਰਥ ਦੇ ਕਰਾਸਬੈਂਚ ਪੀਅਰ ਲਾਰਡ ਹੈਰਿਸ ਵੱਲੋਂ ਉਠਾਏ ਸਵਾਲ ਤੋਂ ਬਾਅਦ ਇਹ ਪੁੱਛਿਆ ਗਿਆ ਕਿ ਬ੍ਰਿਟਿਸ਼ ਸਰਕਾਰ ਨੇ ਭਾਰਤੀ ਅਧਿਕਾਰੀਆਂ ਨੂੰ 'ਮਿਸ਼ਨਰੀਜ਼ ਆਫ ਚੈਰਿਟੀ ਅਤੇ ਹੋਰ ਗੈਰ ਸਰਕਾਰੀ ਸੰਸਥਾਵਾਂ' ਲਈ ਵਿਦੇਸ਼ੀ ਫੰਡਾਂ ਨੂੰ ਰੋਕਣ ਬਾਰੇ ਕੀ ਕਿਹਾ ਸੀ। ਕੋਲਕਾਤਾ ਵਿੱਚ ਮਦਰ ਟੈਰੇਸਾ ਵੱਲੋਂ ਚਲਾਈ ਹੋਈ ਚੈਰਿਟੀ ਲਈ ਹੋਰ ਐਨ ਜੀ ਓਜ਼ ਦੇ ਨਾਲ ਪਿੱਛੇ ਜਿਹੇ ਐਫ ਸੀ ਆਰ ਏ ਦਾ ਨਵੀਨੀਕਰਨ ਨਹੀਂ ਕੀਤਾ ਗਿਆ ਸੀ। ਇਸ ਕਦਮ ਉਤੇ ਆਧਾਰਤ ਸਰਕਾਰ ਨੇ ਕਿਹਾ ਸੀ ਕਿ ਇਹ ਗ੍ਰਹਿ ਮੰਤਰ-ਾਲੇ ਵੱਲੋਂ ਪੱਕੀ ਪ੍ਰਕਿਰਿਆ ਅਤੇ ਲੰਬੇ ਸਮੇਂ ਤੋਂ ਚੱਲਦੇ ਪ੍ਰਸ਼ਾਸਕੀ ਅਮਲ ਦੇ ਹਿੱਸੇ ਵਜੋਂ ਹੈ। ਵਿਦੇਸ਼ ਮਾਮਲਿਆਂ, ਕਾਮਨਵੈੱਲਥ ਅਤੇ ਵਿਕਾਸ (ਐਫ ਸੀ ਡੀ ਓ) ਬਾਰੇ ਰਾਜ ਮੰਤਰੀ ਲਾਰਡ ਤਾਰਿਕ ਅਹਿਮਦ ਨੇ ਯੂ ਕੇ ਸਰਕਾਰ ਵੱਲੋਂ ਸਵਾਲਾਂ ਦੇ ਜਵਾਬ ਵਿੱਚ ਕਿਹਾ ਕਿ ਅਸੀਂ ਕੁਝ ਗੈਰ ਸਰਕਾਰੀ ਸੰਸਥਾਵਾਂ ਤੋਂ ਜਾਣੂ ਹਾਂ ਜਿਨ੍ਹਾਂ ਨੂੰ ਭਾਰਤ ਵਿੱਚ ਭਾਰਤ ਦੇ ਵਿਦੇਸ਼ੀ ਯੋਗਦਾਨ ਰੈਗੂਲੇਸ਼ਨ ਐਕਟ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਦੇ ਵਿਦੇਸ਼ੀ ਫੰਡ ਲਾਇਸੈਂਸਾਂ ਨੂੰ ਨਵਿਆਉਣ ਲਈ ਕੁਝ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਗਿਆ ਹੈ।

ਮਿਸ਼ਨਰੀਜ਼ ਆਫ ਚੈਰਿਟੀ ਬਾਰੇ ਉਨ੍ਹਾਂ ਕਿਹਾ ਕਿ ਭਾਰਤ ਵਿੱਚ ਲਾਇਸੈਂਸ ਦੇ ਮੁੱਦੇ ਉਤੇ ਮੈਂ ਉਨ੍ਹਾਂ ਨੂੰ ਵਿਸ਼ੇਸ਼ ਤੌਰ ਉੱਤੇ ਦੇਖਿਆ ਹੈ ਅਤੇ ਸਾਨੂੰ ਨਹੀਂ ਪਤਾ ਕਿ ਉਨ੍ਹਾਂ ਦੀਆਂ ਅਰਜ਼ੀਆਂ ਨੂੰ ਰੱਦ ਕਿਉਂ ਕੀਤਾ ਗਿਆ ਹੈ। ਮੈਂ ਅਜਿਹੀਆਂ ਸੰਸਥਾਵਾਂ ਦੀ ਗਿਣਤੀ ਬਾਰੇ ਪੁੱਛਿਆ ਹੈ, ਜਿਨ੍ਹਾਂ ਨਾਲ ਇਸ ਸਮੇਂ ਇਹ ਸਥਿਤੀ ਬਣੀ ਹੋਈ ਹੈ।

# ਰਾਮ ਮੰਦਰ ਨੂੰ ਭੇਂਟ ਕਰਨ ਲਈ ਅਲੀਗੜ੍ਹ ਵਿੱਚ ਸੰਸਾਰ ਦਾ ਸਭ ਤੋਂ ਵੱਡਾ ਤਾਲਾ ਬਣਿਆ

ਅਲੀਗੜ੍ਹ, 9 ਜਨਵਰੀ (ਪੋਸਟ ਬਿਊਰੋ)- ਤਾਲੇ ਬਣਾਉਣ ਲਈ ਮਸ਼ਹੂਰ ਅਲੀਗੜ੍ਹ ਦੇ ਸੱਤਪ੍ਰਕਾਸ਼ ਨੇ ਆਪਣੀ ਪਤਨੀ ਰੁਕਮਣੀ ਨਾਲ ਮਿਲ ਕੇ ਸੰਸਾਰ ਦਾ ਸਭ ਤੋਂ ਵੱਡਾ ਤਾਲਾ ਬਣਾਇਆ ਹੈ। ਤੀਹ ਕਿਲੋ ਦੀ ਚਾਬੀ ਨਾਲ ਖੁੱਲ੍ਹਣ ਵਾਲੇ ਇਸ ਤਾਲੇ ਨੂੰ ਅਯੁੱਧਿਆ ਵਿੱਚ ਬਣ ਰਹੇ ਭਗਵਾਨ ਸ੍ਰੀ ਰਾਮ ਮੰਦਰ ਨੂੰ ਸਮਰਪਤ ਕੀਤਾ ਜਾਏਗਾ। ਦੋ ਲੱਖ ਰੁਪਏ ਵਾਲੇ ਇਸ ਤਾਲੇ ਉੱਤੇ ਰਾਮ ਦਰਬਾਰ ਦੀ ਤਸਵੀਰ ਬਣਾਈ ਗਈ ਹੈ।



ਜਵਾਲਾਪੁਰੀ,ਅਲੀਗੜ੍ਹ ਦੇ ਵਾਸੀ ਸੱਤਪ੍ਰਕਾਸ਼ ਨੇ ਦੱਸਿਆ ਕਿ ਇਹ ਤਾਲਾ ਬਣਾਉਣ ਵਿੱਚ ਕਰੀਬ ਛੇ ਮਹੀਨੇ ਦਾ ਸਮਾਂ ਲੱਗਾ ਹੈ। ਇਸ ਦਾ ਵਜ਼ਨ 400 ਕਿਲੋ, ਲੰਬਾਈ 10 ਫੁੱਟ, ਚੌੜਾਈ ਸਾਢੇ ਚਾਰ ਫੁੱਟ ਹੈ। ਤੀਹ ਕਿਲੋ ਦੀ ਚਾਬੀ ਹੈ। ਮੰਦਰ ਨੂੰ ਦੇਣ ਤੋਂ ਪਹਿਲਾਂ ਸੱਤਪ੍ਰਕਾਸ ਇਸ ਵਿੱਚ ਪਿੱਤਲ ਦਾ ਕੰਮ ਕਰਨਗੇ। ਤਾਲੇ ਵਿੱਚ ਕਈ ਬਦਲਾਅ ਕੀਤੇ ਜਾਣਗੇ। ਬਾਕਸ ਲੀਵਰ, ਹੁੜਕਾ ਪਿੱਤਲ ਨਾਲ ਬਣਾਇਆ ਜਾਏਗਾ। ਤਾਲੇ ਉੱਤੇਲੱਗੇ ਸਟੀਲ ਨੂੰ ਸਕਰੈਪ ਸ਼ੀਟ ਲਾਈ ਜਾਏਗੀ, ਜਿਸ ਨਾਲ ਜੰਗਾਲ ਤੋਂ ਬਚਾਅ ਰਹੇ। ਇਸ ਲਈ ਉਨ੍ਹਾਂ ਨੂੰ ਪੈਸਿਆਂ ਦੀ ਲੋੜ ਲਈ ਉਹ ਲੋਕਾਂ ਨੂੰ ਕਹਿ ਰਹੇ ਹਨ।

ਸੱਤਪ੍ਰਕਾਸ਼ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੀ ਇੱਛਾ ਹੈ ਕਿ 26 ਜਨਵਰੀ ਨੂੰ ਨਵੀਂ ਦਿੱਲੀ ਦੀ ਪਰੇਡ ਦੌਰਾਨ ਉਹ ਇਸ ਤੋਂ ਵੱਡੇ ਤਾਲੇ ਦੀ ਝਾਂਕੀ ਬਣਾਉਣਾ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਦਾ ਇਹ ਹੁਨਰ ਦਿੱਲੀ ਵਿੱਚ ਹੋਣ ਵਾਲੀ ਪਰੇਡ ਵਿੱਚ ਸ਼ਾਮਲ ਕਰ ਲਿਆ ਜਾਏ। ਇਸ ਲਈ ਉਨ੍ਹਾਂ ਨੇ ਕੇਂਦਰ ਤੇ ਰਾਜ ਸਰਕਾਰ ਨੂੰ ਪੱਤਰ ਵੀ ਲਿਖੇ। ਇਸ ਸਿਲਸਿਲੇ ਵਿੱਚ ਉਹ ਉਪ ਮੁੱਖ ਮੰਤਰੀ ਨੂੰ ਵੀ ਮਿਲ ਚੁੱਕੇ ਹਨ। ਜਵਾਬ ਦੀ ਉਡੀਕ ਕਰ ਰਹੇ ਹਨ।

# ਭਾਰਤ ਦਾ ਅੰਬ ਦੋ ਸਾਲ ਬਾਅਦ ਫਿਰ ਅਮਰੀਕਾ ਜਾਏਗਾ

### *ਅਮਰੀਕੀ ਚੈਰੀ ਅਤੇ ਅਲਫਾਲਫਾ ਚਾਰਾ ਭਾਰਤੀ ਬਾਜ਼ਾਰ 'ਚ

ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਦੋ ਸਾਲ ਬਾਅਦ ਇੱਕ ਵਾਰ ਫਿਰ ਅਮਰੀਕਾ ਨੂੰ ਅੰਬ ਐਕਸਪੋਰਟ ਕਰਨ ਲੱਗਾ ਹੈ। ਅੰਬ ਦੇ ਨਾਲ ਹੀ ਭਾਰਤ ਦਾ ਅਨਾਰ ਵੀ ਅਮਰੀਕਾ ਭੇਜਿਆ ਜਾਏਗਾ। ਇਸ ਦੇ ਬਦਲੇ ਅਮਰੀਕਾ ਦੀ ਚੈਰੀ ਅਤੇ ਅਲਫਾਲਫਾ ਚਾਰਾ ਭਾਰਤੀ ਬਾਜ਼ਾਰ ਵਿੱਚ ਦਿਖਾਈ ਦੇਵੇਗਾ।

ਭਾਰਤ ਦੇ ਵਪਾਰਕ ਮੰਤਰਾਲੇ ਨੇ ਕਿਹਾ ਕਿ ਭਾਰਤ ਵੱਲੋਂ ਅਮਰੀਕਾ ਨੂੰ ਅੰਬ ਅਤੇ ਅਨਾਰ ਦੀ ਐਕਸਪੋਰਟਇਸ ਸਾਲ ਸ਼ੁਰੂ ਹੋ ਜਾਏਗੀ। ਇਸ ਨਾਲ ਦੇਸ਼ ਦੀ ਖੇਤੀ ਐਕਸਪੋਰਟਵਧਾਉਣ ਵਿੱਚ ਵੀ ਮਦਦ ਮਿਲੇਗੀ। ਭਾਰਤ ਤੋਂ ਅਨਾਰ ਦੇ ਦਾਣਿਆਂ ਦੀ ਅਮਰੀਕਾ ਨੂੰ ਐਕਸਪੋਰਟਅਤੇ ਅਲਫਾਲਫਾ ਚਾਰੇ ਤੇ ਚੈਰੀ ਦੀ ਅਮਰੀਕਾ ਤੋਂ ਇੰਪੋਰਟ ਇਸ ਸਾਲ ਅਪ੍ਰੈਲ ਤੋਂ ਸ਼ੁਰੂ ਹੋ ਜਾਏਗੀ।ਮੰਤਰਾਲੇ ਨੇ ਕਿਹਾ ਕਿ 23 ਨਵੰਬਰ 2021 ਨੂੰ ਹੋਈ 12ਵੀਂ ਭਾਰਤ-ਅਮਰੀਕਾ ਵਪਾਰ ਨੀਤੀ ਮੰਚ ਦੀ ਬੈਠਕ ਦੇ ਅਨੁਸਾਰ ਖੇਤੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਅਮਰੀਕਾ ਦੇ ਖੇਤੀ ਵਿਭਾਗ (ਯੂ ਐਸ ਡੀ ਏ) ਨੇ 'ਦੋ ਬਨਾਮ ਦੋ ਖੇਤੀ ਬਾਜ਼ਾਰ ਪਹੁੰਚ ਮੁੱਦਿਆਂ' ਦੇ ਤਾਲਮੇਲ ਲਈ ਸਮਝੌਤੇ ਉੱਤੇਦਸਤਖਤ ਕੀਤੇ ਹਨ। ਇਸ ਸਮਝੌਤੇ ਹੇਠਅੰਬ, ਅਨਾਰ ਤੇ ਅਨਾਰ ਦੇ ਦਾਣਿਆਂ ਦੀਜਾਂਚ ਅਤੇ ਨਿਗਰਾਨੀ ਸਿਸਟਮ ਹੇਠ ਭਾਰਤ ਤੋਂ ਬਰਾਮਦ ਅਤੇ ਅਮਰੀਕਾ ਦੀ ਚੈਰੀ ਅਤੇ ਅਲਫਾਲਫਾ ਚਾਰੇ ਲਈ ਭਾਰਤ ਦੇ ਬਾਜ਼ਾਰ ਵਿੱਚ ਪਹੁੰਚ ਦੇਣਾ ਸ਼ਾਮਲ ਹੈ।ਵਪਾਰ ਮੰਤਰਾਲੇ ਨੇ ਦੱਸਿਆ ਕਿ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਨੇ ਕਿਹਾ ਹੈ ਕਿ ਅਮਰੀਕਾ ਤੋਂ ਆਉਣ ਵਾਲੇ ਸੂਰ ਦੇ ਮਾਸ ਲਈ ਬਾਜ਼ਾਰ ਪਹੁੰਚਣ ਦੇਣ ਦੀ ਉਸ ਦੀ ਪੂਰੀ ਤਿਆਰੀ ਹੈ। ਭਾਰਤ ਨੇ ਦੋ ਸਾਲਾਂ ਤੋਂ ਅਮਰੀਕਾ ਨੂੰ ਅੰਬ ਐਕਸਪੋਰਟਨਹੀਂ ਕੀਤੇ। ਭਾਰਤੀ ਦੁਸਹਿਰੀ ਅਤੇ ਲੰਗੜਾ ਵਰਗੀਆਂ ਅੰਬ ਦੀਆਂ ਕਿਸਮਾਂ ਅੱਗੇ ਤੋਂ ਨਿਊ ਯਾਰਕ ਅਤੇ ਦੂਸਰੇ ਅਮਰੀਕੀ ਸ਼ਹਿਰਾਂ ਵਿੱਚ ਮਿਲਣਗੀਆਂ। ਦੂਸਰੇ ਪਾਸੇ ਭਾਰਤ ਵਿੱਚ ਕੈਲੀਫੋਰਨੀਆ ਦੀ ਚੈਰੀ ਵਿਕੇਗੀ।

# ਕਜ਼ਾਖਸਤਾਨ 'ਚ ਅੱਤਵਾਦ ਰੋਕੂ ਏਜੰਸੀ ਦਾ ਸਾਬਕਾ ਮੁਖੀ ਗ੍ਰਿਫਤਾਰ



ਮਾਸਕੋ, 9 ਜਨਵਰੀ (ਪੋਸਟ ਬਿਊਰੋ)- ਕਜ਼ਾਖਸਤਾਨ ਵਿੱਚ ਹੋਏ ਹਿੰਸਕ ਪ੍ਰਦਰਸ਼ਨਾਂ ਦੇ ਕਾਰਨ ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ ਕਰਨ ਦੇ ਦੋਸ਼ਾਂ ਹੇਠ ਦੇਸ਼ ਦੀ ਅੱਤਵਾਦ ਰੋਕੂ ਏਜੰਸੀ ਦਾ ਸਾਬਕਾ ਮੁਖੀ ਗ੍ਰਿਫਤਾਰ ਕੀਤਾ ਗਿਆ ਹੈ।

ਰਾਸ਼ਟਰਪਤੀ ਨੇ ਇਨ੍ਹਾਂ ਪ੍ਰਦਰਸ਼ਨਾਂ ਲਈ ਵਿਦੇਸ਼ ਤੋਂ ਸਮਰਥਨ ਪ੍ਰਾਪਤ ਅੱਤਵਾਦੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਦੌਰਾਨ ਦੇਸ਼ ਦੀ ਰਾਸ਼ਟਰੀ ਸੁਰੱਖਿਆ ਸਮਿਤੀ ਨੇ ਅੱਤਵਾਦ ਰੋਕੂ ਏਜੰਸੀ ਦਾ ਸਾਬਕਾ ਮੁਖੀਕਰੀਮ ਮਾਸਿਮੋਵ ਦੀ ਗ੍ਰਿਫਤਾਰੀ ਦਾ ਕੱਲ੍ਹ ਐਲਾਨ ਕੀਤਾਹੈ।ਕਰੀਮ ਮਾਸਿਮੋਵ ਨੂੰ ਰਾਸ਼ਟਰਪਤੀ ਕਾਸਿਮ-ਜੋਮਾਰਤ ਤੋਕਾਯੇਵ ਨੇ ਪਿਛਲੇ ਹਫਤੇ ਰਾਸ਼ਟਰੀ ਸੁਰੱਖਿਆ ਕਮੇਟੀ ਦੇ ਮੁਖੀ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਇਸ ਬਾਰੇ ਅਥਾਰਟੀਜ਼ ਨੇ ਦੱਸਿਆ ਕਿ ਇਸ ਹਫਤੇ ਗੜਬੜ ਦੇ ਖਿਲਾਫ ਸੁਰੱਖਿਆ ਅਧਿਕਾਰੀਆਂ ਦੀ ਕਾਰਵਾਈ ਵਿੱਚ 26 ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਅਤੇ 18 ਕਾਨੂੰਨ ਇਨਫੋਰਸਮੈਂਟ ਅਧਿਕਾਰੀਆਂ ਦੀ ਵੀ ਜਾਨ ਗਈ ਹੈ।

# ਟਰੱਕ ਵਿੱਚ ਫਸੇ ਹੋਏ ਹੋਮਗਾਰਡ ਨੂੰ 900 ਮੀਟਰ ਤਕ ਘਸੀਟਿਆ

ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਅਲੀਪੁਰ ਦੇ ਇਲਾਕੇ ਵਿੱਚ ਇੱਕ ਹਿੱਟ ਐਂਡ ਰਨ ਵਿੱਚ ਟਰੱਕ ਦੀ ਲਪੇਟ ਵਿੱਚ ਆਉਣ ਨਾਲ ਇੱਕ ਹੋਮਗਾਰਡ ਜਵਾਨ ਦੀ ਮੌਤ ਹੋ ਗਈ, ਜਿਹੜਾ ਟਰੱਕ ਵਿੱਚ ਫਸ ਕੇ ਕਰੀਬ 900 ਮੀਟਰ ਤਕ ਘਸੀਟਦਾ ਹੋਇਆ ਗਿਆ ਸੀ। ਅਣਪਛਾਤੇ ਟਰੱਕ ਚਾਲਕ ਖਿਲਾਫ ਕੇਸ ਦਰਜ ਕਰ ਕੇ ਪੁਲਸ ਉਸ ਦੀ ਤਲਾਸ਼ ਵਿੱਚ ਛਾਪੇਮਾਰ ਰਹੀ ਹੈ ਅਤੇ ਉਸ ਰੂਟ ਉੱਤੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਨੂੰ ਫੋਲ ਰਹੀ ਹੈ।

ਮ੍ਰਿਤਕ ਦੀ ਪਛਾਣ ਰਾਮ ਚੌਹਾਨ ਦੇ ਰੂਪ ਵਿੱਚ ਹੋਈ, ਜੋ ਪਰਵਾਰ ਨਾਲ ਖਾਮਪੁਰ ਅਲੀਪੁਰ ਇਲਾਕੇ ਵਿੱਚ ਰਹਿੰਦਾ ਸੀ। ਉਸ ਨੇ 2012 ਵਿੱਚ ਦਿੱਲੀ ਹੋਮਗਾਰਡ ਜੁਆਇਨ ਕੀਤੀ ਸੀ। ਪਿਛਲੇ ਕੁਝ ਮਹੀਨਿਆਂ ਤੋਂ ਉਹ ਜਹਾਂਗੀਰਪੁਰੀ ਏ ਸੀ ਪੀ ਦੇ ਦਫਤਰ ਵਿੱਚ ਤੈਨਾਤ ਸੀ। ਰਾਤ ਜਦ ਉਹ ਬਾਈਕ ਉਤੇ ਘਰ ਜਾ ਰਿਹਾ ਸੀ ਤਾਂ ਉਸ ਦੀ ਗੱਲ ਪਰਵਾਰ ਨਾਲ ਹੋਈ ਸੀ, ਪਰ ਜਦ ਉਹ ਦੇਰ ਰਾਤ ਤਕ ਘਰ ਨਾ ਪੁੱਜਾ ਤਾਂ ਉਸ ਨਾਲ ਫੋਨ 'ਤੇ ਕਈ ਵਾਰ ਸੰਪਰਕ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਪਤਾ ਨਹੀਂ ਲੱਗਾ। ਦੇਰ ਰਾਤ ਅਲੀਪੁਰ ਪੁਲਸ ਨੇ ਪਰਵਾਰ ਨਾਲ ਸੰਪਰਕ ਕਰ ਕੇ ਦੱਸਿਆ ਕਿ ਖਾਮਪੁਰ ਏਰੀਆ ਵਿੱਚ ਬਾਈਕ ਸੜਕ ਉੱਤੇ ਟੁੱਟੀ-ਭੱਜੀ ਹਾਲਤ ਵਿੱਚ ਪਈ ਮਿਲੀ ਤੇ ਇੱਕ ਨੌਜਵਾਨਅੱਠ-ਨੌਂ ਸੌ ਮੀਟਰ ਦੀ ਦੂਰ ਜ਼ਖਮੀ ਪਿਆ ਹੈ, ਜਿਸ ਨੂੰ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਸੀ। ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਹੈ।

# ਸੁਪਰੀਮ ਕੋਰਟ ਨੇ ਘੱਟ ਗਿਣਤੀਆਂ ਦੀ ਪਛਾਣ ਬਾਰੇ ਭਾਰਤ ਸਰਕਾਰ ਨੂੰ ਆਖਰੀ ਮੌਕਾ ਦਿੱਤਾ

ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਸੂਬਾਈ ਪੱਧਰ ਉੱਤੇ ਘੱਟ ਗਿਣਤੀਆਂ ਦੀ ਪਛਾਣ ਦੇ ਨਿਰਦੇਸ਼ ਤੈਅ ਕਰਨ ਬਾਰੇ ਜਨ-ਹੱਤ ਪਟੀਸ਼ਨ ਦਾ ਜਵਾਬ ਦੇਣ ਲਈ ਕੇਂਦਰ ਸਰਕਾਰ ਨੂੰ ਆਖਰੀ ਮੌਕਾ ਦਿੱਤਾ ਹੈ। ਅਰਜ਼ੀ ਵਿੱਚ ਕਿਹਾ ਗਿਆ ਹੈ ਕਿ 10 ਰਾਜਾਂ ਵਿੱਚ ਹਿੰਦੂ ਘੱਟ ਗਿਣਤੀਹਨ ਅਤੇ ਘੱਟ ਗਿਣਤੀਆਂ ਲਈ ਮਿਲਦੀਆਂ ਸਹੂਲਤਾਂ ਦਾ ਲਾਭ ਉਨ੍ਹਾਂ ਨੂੰ ਨਹੀਂ ਮਿਲ ਰਿਹਾ।

ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਵੱਲੋਂ ਹੋਰ ਸਮਾਂ ਮੰਗੇ ਜਾਣ ਉੱਤੇ ਜਸਟਿਸ ਸੰਜੈ ਕਿਸ਼ਨ ਕੌਲ ਅਤੇ ਜਸਟਿਸ ਐਮ ਐਮ ਸੁੰਦਰੇਸ਼ ਦੇ ਬੈਂਚ ਨੇ ਕੇਂਦਰ ਸਰਕਾਰ ਨੂੰ ਚਾਰ ਹਫ਼ਤਿਆਂ ਵਿੱਚ ਜਵਾਬ ਦੇਣ ਲਈ ਕਿਹਾ ਹੈ। ਪਟੀਸ਼ਨਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸੀ ਐਸ ਵੈਦਿਆਨਾਥਨ ਨੇ ਇਸ ਕੇਸ ਨਾਲ ਸਬੰਧਤ ਵੱਖ-ਵੱਖ ਹਾਈ ਕੋਰਟਾਂ ਵਿੱਚਪੈਂਡਿੰਗ ਪਟੀਸ਼ਨਾਂ ਵੀ ਸੁਪਰੀਮ ਕੋਰਟ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ। ਸੁਪਰੀਮ ਕੋਰਟ ਨੇ ਕੇਂਦਰ ਵੱਲੋਂ ਪੰਜ ਫਿਰਕਿਆਂ ਮਸਲਿਮਾਂ, ਕ੍ਰਿਸ਼ਚੀਅਨਾਂ, ਸਿੱਖਾਂ, ਬੋਧੀਆਂ ਅਤੇ ਪਾਰਸੀਆਂ ਨੂੰ ਘੱਟ ਗਿਣਤੀ ਐਲਾਨਣ ਵਾਲੇ ਨੋਟੀਫਿਕੇਸ਼ਨ ਖ਼ਿਲਾਫ਼ ਕਈ ਹਾਈ ਕੋਰਟਾਂ ਵਿੱਚਚੱਲਦੇ ਕੇਸਾਂ ਨੂੰ ਤਬਦੀਲ ਕਰਕੇ ਮੁੱਖ ਪਟੀਸ਼ਨ ਨਾਲ ਹੀ ਉਨ੍ਹਾਂ ਨੂੰ ਨੱਥੀ ਕਰ ਦਿੱਤਾ। ਪਟੀਸ਼ਨਰ ਅਤੇ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਨੇ ਬੈਂਚ ਤੋਂ ਕੇਸ ਦੀ ਤਰੀਕ ਤੈਅ ਕਰਨ ਦੀ ਮੰਗ ਕੀਤੀ, ਪਰ ਅਦਾਲਤ ਨੇ ਇਸ ਮਾਮਲੇ ਉੱਤੇ ਸੱਤ ਹਫ਼ਤਿਆਂ ਮਗਰੋਂ ਸੁਣਵਾਈ ਨਿਰਧਾਰਿਤ ਕਰ ਦਿੱਤੀ ਹੈ।

# ਕੇਰਲ ਦੇ ਸਕੂਲ ਵਿੱਚ ਸਰ ਅਤੇ ਮੈਡਮ ਕਹਿਣ ਉਤੇ ਰੋਕ

ਥਿਰੂਵਨੰਤਪੁਰਮ, 9 ਜਨਵਰੀ (ਪੋਸਟ ਬਿਊਰੋ)- ਕੇਰਲ ਦੇ ਪਲੱਕੜ ਜ਼ਿਲ੍ਹੇ ਦੇ ਇੱਕ ਸਕੂਲ ਨੇ ਆਪਣੇ ਵਿਦਿਆਰਥੀਆਂ ਨੂੰ ਅਧਿਆਪਕਾਂ ਨੂੰ 'ਸਰ' ਜਾਂ 'ਮੈਡਮ' ਕਹਿਣ ਦੀ ਬਜਾਏ 'ਟੀਚਰ' ਕਹਿਣ ਨੂੰ ਕਿਹਾ ਹੈ।



ਪਲੱਕੜ ਜ਼ਿਲ੍ਹੇ ਦੇ ਓਲਾਸਸੇਰੀ ਪਿੰਡ ਵਿੱਚ ਸਰਕਾਰੀ ਮਦਦ ਵਾਲਾ ਸੀਨੀਅਰ ਬੇਸਿਕ ਕੋ-ਐਜੂਕੇਸ਼ਨ ਸਕੂਲ ਇਸ ਸੂਬੇ ਦਾ ਪਹਿਲਾ ਸਕੂਲ ਬਣ ਗਿਆ ਹੈ। ਇਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 300 ਹੈ। ਇੱਥੇ ਨੌਂ ਮਹਿਲਾ ਅਧਿਆਪਕ ਅਤੇ ਅੱਠ ਮਰਦ ਟੀਚਰ ਹਨ। ਸਕੂਲ ਦੇ ਪ੍ਰਿੰਸੀਪਲ ਵੇਣੂਗੋਪਾਲਨ ਐਚ ਕੇ ਮੁਤਾਬਕ ਇਹ ਵਿਚਾਰ ਸਭ ਤੋਂ ਪਹਿਲਾਂ ਇੱਕ ਮਰਦ ਸਟਾਫ ਮੈਂਬਰ ਨੂੰ ਆਇਆ ਸੀ। ਉਨ੍ਹਾਂ ਕਿਹਾ, ਸਾਡੇ ਸਟਾਫ ਮੈਂਬਰਾਂ ਵਿੱਚੋਂ ਇੱਕ ਨੇ ਮਰਦ ਟੀਚਰ ਨੂੰ 'ਸਰ' ਕਹਿਣ ਦੀ ਪੁਰਾਣੀ ਪ੍ਰਥਾ ਖਤਮ ਕਰਨ ਦਾ ਵਿਚਾਰ ਪੇਸ਼ ਕੀਤਾ। ਉਹ ਪਲੱਕੜ ਸਥਿਤ ਸਮਾਜਕ ਵਰਕਰ ਬੋਬਨ ਮੁੱਟੂਮੰਥਾ ਵੱਲੋਂ ਸ਼ੁਰੂ ਕੀਤੀ ਅਜਿਹੀ ਮੁਹਿੰਮ ਤੋਂ ਪ੍ਰੇਰਿਤ ਸਨ।ਵੇਣੂਗੋਪਾਲਨ ਨੇ ਕਿਹਾ ਕਿ 'ਸਰ' ਅਤੇ 'ਮੈਡਮ' ਸ਼ਬਦ ਜੈਂਡਰ ਇਕਵਲਿਟੀ ਦੇ ਖਿਲਾਫ ਹੈ, ਅਧਿਆਪਕਾਂ ਨੂੰ ਉਨ੍ਹਾਂ ਦੇ ਅਹੁਦੇ ਦੇ ਨਾਂਅ ਨਾਲ ਸੰਬੋਧਨ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਨੂੰ ਜੈਂਡਰ ਨਾਲ। ਅਧਿਆਪਕਾਂ ਨੂੰ ਸੰਬੋਧਨ ਕਰਨ ਦਾ ਨਵਾਂ ਤਰੀਕਾ ਵਿਦਿਆਰਥੀਆਂ ਵਿੱਚ ਜੈਂਡਰ ਸਮਾਨਤਾ ਨੂੰ ਲੈ ਕੇ ਜਾਗਰੂਕਤਾ ਲਿਆਉਣ ਵਿੱਚ ਮੱਦਦ ਕਰੇਗਾ। 'ਸਰ' ਸ਼ਬਦ ਕਾਲੋਨੀਅਲ ਦੌਰ ਦੀ ਯਾਦ ਦਿਵਾਉਂਦਾ ਹੈ।

# ਹਿੰਦੂਆਂ ਵਿਰੁੱਧ ਟਿੱਪਣੀ ਕਰਨ 'ਤੇਹਾਈ ਕੋਰਟ ਵੱਲੋਂ ਪਾਦਰੀ ਨੂੰ ਝਾੜ

ਮਦੁਰੈ (ਤਾਮਿਲ ਨਾਡੂ), 9 ਜਨਵਰੀ (ਪੋਸਟ ਬਿਊਰੋ)- ਮਦਰਾਸ ਹਾਈ ਕੋਰਟ ਨੇ ਕਿਹਾ ਕਿ ਹਿੰਦੂਆਂ ਵਿਰੁੱਧ ਇਤਰਾਜ਼ਯੋਗ ਟਿੱਪਣੀ ਕਰਨ ਵਾਲਾ ਈਸਾਈ ਪ੍ਰਚਾਰਕ ਦੂਜਿਆਂ ਦੇ ਧਾਰਮਿਕ ਵਿਸ਼ਵਾਸਾਂ ਨੂੰ ਠੇਸ ਪਹੁੰਚਾਉਣ ਤੋਂ ਬਾਅਦ ਛੋਟ ਦਾ ਦਾਅਵਾ ਨਹੀਂ ਕਰ ਸਕਦਾ। ਇਸ ਦੇ ਨਾਲ ਹੀ ਅਦਾਲਤ ਨੇ ਕਿਹਾ ਕਿ ਉਸ ਦੀ ਤੁਲਨਾ ਕਿਸੇ ਨਿਰਪੱਖ ਟਿੱਪਣੀਕਾਰ ਜਾਂ ਮੁਨੱਵਰ ਫਾਰੂਕ ਵਰਗੇ ਕਾਮੇਡੀਅਨ ਨਾਲ ਨਹੀਂ ਕੀਤੀ ਜਾ ਸਕਦੀ।

ਧਾਰਮਿਕ ਭਾਵਨਾਵਾਂ ਨੂੰ ਠੇਸ ਲਾਉਣ ਸਮੇਤ ਭਾਰਤੀ ਕਾਨੂੰਨ ਦੀਆਂ ਕਈ ਧਾਰਾਵਾਂ ਹੇਠ ਪਾਦਰੀ ਜਾਰਜ ਪੋਨਈਆ ਵਿਰੁੱਧ ਦਰਜ ਕੇਸ ਰੱਦ ਕਰਦੇ ਹੋਏ ਜਸਟਿਸ ਜੀ ਆਰ ਸਵਾਮੀਨਾਥਨ ਨੇ ਕਿਹਾ ਕਿ ਸੰਵਿਧਾਨ ਹੇਠ ਅਜਿਹੀ ਛੋਟ ਸਿਰਫ ਤਰਕਸ਼ੀਲਾਂ ਜਾਂ ਵਿਅੰਗਕਾਰਾਂ ਜਾਂ ਇੱਥੋਂ ਤਕ ਕਿ ਸਿੱਖਿਆ ਸ਼ਾਸਤਰੀਆਂ ਨੂੰ ਹੀ ਮਿਲੇਗੀ, ਪਰ ਜੱਜ ਨੇ ਕਿਸੇ ਵਿਅਕਤੀ ਦੇ ਆਪਣਾ ਧਰਮ ਬਦਲਣ ਦੇ ਫੈਸਲੇ ਦਾ ਬਚਾਅ ਕਰਦੇ ਹੋਏ ਕਿਹਾ, ''ਧਰਮ ਤਬਦੀਲੀ ਕਿਸੇ ਗਰੁੱਪ ਦਾ ਏਜੰਡਾ ਨਹੀਂ ਹੋ ਸਕਦਾ।'' ਜੱਜ ਨੇ ਪੋਨਈਆ ਦੀ ਪਟੀਸ਼ਨ ਉੱਤੇ ਸੁਣਵਾਈ ਕਰਦਿਆਂ ਇਹ ਗੱਲ ਕਹੀ।

ਪਾਦਰੀ ਪੋਨਈਆ ਵਿਰੁੱਧ ਪੁਲਸ ਨੇ ਉਸ ਦੇ ਇਹ ਕਹਿਣ ਉੱਤੇ ਕੇਸ ਦਰਜ ਕੀਤਾ ਹੈ ਕਿ ਭੂਮਾ ਦੇਵੀ (ਧਰਤੀ ਮਾਤਾ) ਤੇ ਭਾਰਤ ਮਾਤਾ ਦੋਵੇਂ ਲਾਗ ਅਤੇ ਗੰਦਗੀ ਦੇ ਸਰੋਤ ਸਨ। ਪਾਦਰੀ ਨੇ ਰਾਜ ਦੇ ਕੰਨਿਆਕੁਮਾਰੀ ਜ਼ਿਲ੍ਹੇ ਵਿੱਚ ਇੱਕ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਇੱਕ ਰਾਜ ਮੰਤਰੀ ਵਿਰੁੱਧ ਵੀ ਟਿੱਪਣੀਆਂ ਕੀਤੀਆਂ ਸਨ। ਜੱਜ ਨੇ ਕਿਹਾ ਕਿ ਪਟੀਸ਼ਨਰ ਦੂਜਿਆਂ ਦੇ ਧਰਮ ਜਾਂ ਧਾਰਮਿਕ ਵਿਸ਼ਵਾਸਾਂ ਦਾ ਅਪਮਾਨ ਨਹੀਂ ਕਰ ਸਕਦਾ। ਜੱਜ ਨੇ ਕਿਹਾ, ''ਹਿੰਦੂਆਂ ਦੇ ਧਾਰਮਿਕ ਵਿਸ਼ਵਾਸਾਂ ਨੂੰ ਠੇਸ ਲਾਉਣ ਦੀ ਲੋੜ ਨਹੀਂ ਸੀ। ਇਹ ਅਣਚਾਹਿਆ ਸੀ। ਇਹ ਇਸ ਨੂੰ ਜਾਣਬੁੱਝ ਕੇ ਕੀਤੀ ਗਈ ਟਿੱਪਣੀ ਅਤੇ ਖਤਰਨਾਕ ਬਣਾਉਂਦਾ ਹੈ। ਪਟੀਸ਼ਨਕਰਤਾ ਨੇ ਉਨ੍ਹਾਂ ਲੋਕਾਂ ਦਾ ਮਜ਼ਾਕ ਉਡਾਇਆ, ਜੋ ਧਰਤੀ ਮਾਤਾ (ਭੂਮਾ ਦੇਵੀ) ਦੇ ਲਈ ਨੰਗੇ ਪੈਰੀਂ ਯਾਤਰਾ ਕਰਦੇ ਹਨ।' ਉਨ੍ਹਾਂ ਕਿਹਾ ਕਿ 'ਈਸਾਈ ਲੋਕ ਇਸ ਲਈ ਜੁੱਤੀਆਂ ਪਾਉਂਦੇ ਹਨ ਕਿ ਉਨ੍ਹਾਂ ਦੇ ਪੈਰਾਂ ਵਿੱਚ ਖਾਰਿਸ਼ ਨਾ ਹੋਵੇ। ਉਨ੍ਹਾਂ (ਪਾਦਰੀ) ਨੇ ਭੂਮਾ ਦੇਵੀ ਅਤੇ ਭਾਰਤ ਮਾਤਾ ਨੂੰ ਲਾਗ ਅਤੇ ਗੰਦਗੀ ਦਾ ਸਰੋਤ ਦੱਸਿਆ।'

# ਫਰਜ਼ੀ ਡੈਥ ਸਰਟੀਫਿਕੇਟ ਪੇਸ਼ ਕਰ ਕੇ ਕੇਸਾਂ ਵਿੱਚੋਂ ਨਾਂਅ ਕਟਵਾਇਆ

### * 12 ਸਾਲ ਬਾਅਦ ਅਸਲੀਅਤ ਪਤਾ ਲੱਗ ਗਈ

ਸੋਨੀਪਤ, 9 ਜਨਵਰੀ (ਪੋਸਟ ਬਿਊਰੋ)- ਸ਼ਰਾਬ ਤਸਕਰੀ ਦੇ ਕੇਸ ਵਿੱਚ ਦੋਸ਼ੀ ਸੋਨੀਪਤ ਦੇ ਸੰਜੇ ਨੇ ਪਰਵਾਰ ਨਾਲ ਮਿਲ ਕੇ ਖੁਦ ਦਾ ਫਰਜ਼ੀ ਡੈਥ ਸਰਟੀਫਿਕੇਟ ਕੋਰਟ ਵਿੱਚ ਪੇਸ਼ ਕਰਵਾ ਕੇ ਕੇਸ ਵਿੱਚੋਂ ਨਾਂਅ ਹਟਾ ਲਿਆ, ਪਰ ਕਰੀਬ 12 ਸਾਲ ਬਾਅਦ ਦਿੱਲੀ ਫਾਇਰ ਸਰਵਿਸ ਦੇ ਮੁਲਾਜ਼ਮ ਭੰਵਰ ਸਿੰਘ ਨੇ ਇਹ ਦੋਖਾ ਫੜ ਲਿਆ।

ਪਤਾ ਲੱਗਾ ਹੈ ਕਿ ਸੰਜੇ ਸੋਨੀਪਤ ਵਿੱਚ ਹੀ ਡਰਾਈਵਰੀ ਕਰਦਾ ਹੈ। ਸੋਨੀਪਤ ਪੁਲਸ ਦੀ ਐਸ ਐਸ ਪੀ ਉਪਾਸਨਾ ਨੇ ਕੇਸ ਦੀ ਜਾਂਚ ਕੀਤੀ ਤਾਂ ਸੰਜੇ ਜ਼ਿੰਦਾ ਮਿਲਿਆ। ਇਸ ਦੇ ਬਾਅਦ ਸੰਜੇ, ਉਸ ਦੀ ਪਤਨੀ, ਭਰਾ ਤੇ ਭਰਜਾਈ ਉੱਤੇ ਕੇਸ ਦਰਜ ਕੀਤਾ ਗਿਆ ਹੈ। ਵਿਕਾਸ ਨਗਰ ਦੇ ਭੰਵਰ ਸਿੰਘ ਨੇ ਸ਼ਿਕਾਇਤ ਵਿੱਚ ਦੱਸਿਆ ਕਿ ਖਰਖੌਦਾ ਦੇ ਪਿੰਡ ਨਕਲੋਈ ਦੇ ਸੰਜੇ ਦੇ ਖਿਲਾਫ 2007 ਵਿੱਚ ਉਤਰਾਖੰਡ ਵਿੱਚ ਸ਼ਰਾਬ ਤਸਕਰੀ ਦਾ ਕੇਸ ਦਰਜ ਹੋਇਆ ਸੀ। ਉਸ ਉੱਤੇ ਤਿੰਨ ਕੇਸ ਸਨ। ਦੋਸ਼ੀ ਦੇ ਭਰਾ ਨੇ ਉਸ ਦੀ ਜ਼ਮਾਨਤ ਕਰਾਈ, ਪ੍ਰੰਤੂ ਦੇਹਰਾਦੂਨ ਤੇ ਪੌੜੀ ਗੜਵਾਲ ਦੀ ਕੋਰਟ ਵਿੱਚ ਸੁਣਵਾਈ ਲਈ ਪੇਸ਼ ਨਾ ਹੋਣ ਉੱਤੇ ਉਸ ਦੇ ਗੈਰ ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਗਏ। ਦੋਸ਼ੀ ਦੇ ਪਰਵਾਰ ਨੇ 28 ਜੁਲਾਈ 2009 ਨੂੰ ਕਮੇਟੀ ਸੋਨੀਪਤ ਤੇ ਸਿਵਲ ਹਸਪਤਾਲ ਵਿੱਚ ਸੰਜੇ ਦੀ ਮੌਤ ਦੀ ਫਰਜ਼ੀ ਸੂਚਨਾ ਦਿੱਤੀ ਅਤੇ ਮਿਲੀਭੁਗਤ ਕਰ ਕੇ ਸੰਜੇ ਦਾ ਫਰਜ਼ੀ ਸਰਟੀਫਿਕੇਟ ਬਣਵਾ ਕੇ 2010 ਅਤੇ 2011 ਵਿਚ ਕੋਰਟ ਵਿੱਚ ਪੇਸ਼ ਕਰ ਦਿੱਤਾ ਅਤੇ ਕੇਸ ਵਿੱਚੋਂ ਨਾਂਅ ਹਟਵਾ ਲਿਆ। ਭੰਵਰ ਸਿੰਘ ਦਾ ਕਹਿਣਾ ਹੈ ਕਿ ਦੋਸ਼ੀ ਉਨ੍ਹਾਂ ਨੂੰ ਧਮਕੀ ਦੇ ਰਹੇ ਹਨ ਕਿ ਜਾਅਲਸਾਜ਼ੀ ਦੇ ਬਾਰੇ ਕਿਸੇ ਨੂੰ ਸੂਚਨਾ ਦਿੱਤੀ ਤਾਂ ਝੂਠੇ ਕੇਸ ਵਿੱਚ ਫਸਾ ਦੇਣਗੇ।ਭੰਵਰ ਸਿੰਘ ਨੇ ਦੱਸਿਆ ਕਿ ਦੋਸ਼ੀ ਸੰਜੇ ਨੇ ਆਪਣਾ ਆਧਾਰ ਕਾਰਡ 15 ਮਾਰਚ 2018 ਨੂੰ ਬਣਵਾਇਆ। ਟਰੈਫਿਕ ਪੁਲਸ ਹਰਿਆਣਾ ਨੇ ਦੋ ਮਾਰਚ 2021 ਨੂੰ ਸੰਜੇ ਦੀ ਬਾਈਕ ਦਾ ਚਲਾਨ ਕੀਤਾ ਸੀ। ਸੰਜੇ ਸੈਕਟਰ 13 ਦੀ ਕੰਸਟ੍ਰਕਸ਼ਨ ਕੰਪਨੀ ਦੇ ਡਰਾਈਵਰ ਦੀ ਨੌਕਰੀ ਕਰ ਰਿਹਾ ਹੈ। ਡੈਥ ਸਰਟੀਫਿਕੇਟ ਵਿੱਚ ਆਰੀਆ ਨਗਰ ਦੇ ਜਿਸ ਘਰ ਦਾ ਪਤਾ ਦਿੱਤਾ ਗਿਆ ਹੈ, ਉਸ ਵਿੱਚ ਉਸ ਦੀ ਵਿਧਵਾ ਭਰਜਾਈ ਰਹਿੰਦੀ ਸੀ।

# ਤਾਈਕਵਾਂਡੋ 'ਚ ਅੱਠ ਗੋਲਡ ਮੈਡਲ ਜਿੱਤਣ ਵਾਲਾ ਗੈਂਗਸਟਰ ਕਾਬੂ

ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਦੱਖਣੀ ਪੂਰਬੀ ਦਿੱਲੀ ਦੇ ਬਦਰਪੁਰ ਇਲਾਕੇ ਵਿੱਚ ਪੁਲਸ ਅਧਿਕਾਰੀ ਨੂੰ ਨੁਕਸਾਨ ਪਹੁੰਚਾਉਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਤਾਈਕਵਾਂਡੋ ਚੈਂਪੀਅਨ ਤੋਂ ਗੈਂਗਸਟਰ ਬਣੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਅਧਿਕਾਰੀਆਂ ਦੇ ਮੁਤਾਬਕ ਹਰਿਆਣਾ ਦੇ ਪਲਵਲ ਜ਼ਿਲ੍ਹੇ ਦਾ ਵਸਨੀਕ ਦੋਸ਼ੀ ਅਜੈ ਗੁਰਜਰ (41) ਜੇਲ੍ਹ ਵਿੱਚ ਅੰਕਿਤ ਗੁਰਜਰ ਨਾਂਅ ਦੇ ਵਿਅਕਤੀ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਸੀ ਅਤੇ ਇਸ ਲਈ ਉਸ ਨੇ ਤਿਹਾੜ ਜੇਲ੍ਹ ਦੇ ਡਿਪਟੀ ਸੁਪਰਡੈਂਟ ਨੂੰ ਨਿਸ਼ਾਨਾ ਬਣਾਇਆ।

ਪੁਲਸ ਨੇ ਕਿਹਾ ਕਿ ਅਗਸਤ 2021 ਵਿੱਚ ਦੋ ਜਣਿਆਂ ਵਿਚਾਲੇ ਹੋਈ ਫੋਨ ਉੱਤੇ ਕਾਲ ਦੀ ਰਿਕ-ਾਰਡਿੰਗ ਸੋਸ਼ਲ ਮੀਡੀਆ ਉੱਤੇ ਕਾਫੀ ਵਾਇਰਲ ਹੋਈ ਸੀ। ਇਨ੍ਹਾਂ ਵਿੱਚ ਇੱਕ ਦੀ ਪਛਾਣ ਪੁਲਸ ਨੇ ਸਤਿੰਦਰ ਦੇ ਰੂਪ ਵਿੱਚ ਕੀਤੀ ਸੀ। ਆਡੀਓ ਵਿੱਚ ਸਤਿੰਦਰ ਨੂੰ ਦੂਜੇ ਵਿਅਕਤੀ ਨੂੰ ਇਹ ਕਹਿੰਦੇ ਸੁਣਿਆ ਗਿਆ ਕਿ ਉਹ ਵਿਰੋਧੀ ਗੈਂਗ ਦੇ ਇੱਕ ਮੈਂਬਰ ਦੇ ਕਤਲ ਲਈ ਏ ਕੇ 47 ਰਾਈਫਲ ਦਾ ਪ੍ਰਬੰਧ ਕਰੇ। ਇਸ ਮੌਕੇ ਉਨ੍ਹਾਂ ਨੂੰ ਤਿਹਾੜ ਜੇਲ੍ਹ ਦੇ ਡਿਪਟੀ ਸੁਪਰਡੈਂਟ ਨੂੰ ਨੁਕਸਾਨ ਪਹੁੰਚਾਉਣ ਬਾਰੇ ਗੱਲ ਕਰਦੇ ਹੋਏ ਸੁਣਿਆ ਗਿਆ। ਅੰਕਿਤ ਤਿਹਾੜ ਦੇ ਕੇਂਦਰੀ ਸੈਲ ਨੰਬਰ ਤਿੰਨ ਵਿੱਚ ਚਾਰ ਅਗਸਤ 2021 ਨੂੰ ਮਰਿਆ ਮਿਲਿਆ ਸੀ।ਉਸ ਦੀ ਲਾਸ਼ ਉੱਤੇ ਕਈ ਜ਼ਖਮ ਸਨ। ਉਸ ਦੇ ਪਰਵਾਰ ਨੇ ਦੋਸ਼ ਲਾਇਆ ਕਿ ਜੇਲ੍ਹ ਮੁਲਜ਼ਮਾਂ ਨਾਲ ਮਿਲ ਕੇ ਉਸ ਦੀ ਹੱਤਿਆ ਹੋਈ ਹੈ। ਪੁਲਸ ਨੇ ਕਿਹਾ ਕਿ 17 ਅਗਸਤ ਨੂੰ ਸਤਿੰਦਰ ਦੀ ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਨੂੰ ਫੋਨ ਕਾਲ ਵਿੱਚ ਗੱਲ ਕਰਨ ਵਾਲੇ ਦੂਜੇ ਵਿਅਕਤੀ ਦੀ ਪਛਾਣ ਹੋਈ, ਜੋ ਅਜੈ ਗੁਰਜਰ ਸੀ।

ਪੁਲਸ ਕਮਿਸ਼ਨਰ ਜਸਮੀਤ ਸਿੰਘ ਨੇ ਕਿਹਾ ਕਿ ਜਾਂਚ ਦੌਰਾਨ ਪੁਲਸ ਨੂੰ ਪਤਾ ਲੱਗਾ ਕਿ ਅਜੈ ਵੀਰਵਾਰ ਸ਼ਾਮ ਨੂੰ ਬਦਰਪੁਰ ਦੁ ਇੱਕ ਬੱਸ ਸਟੈਂਡ ਉੱਤੇ ਆਉਣ ਵਾਲਾ ਹੈ ਤਾਂ ਜਾਲ ਵਿਛਾ ਕੇ ਉਸ ਨੂੰ ਫੜ ਲਿਆ। ਪੁਲਸ ਮੁਤਾਬਕ ਅਜੈ ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮੁੰਬਈ ਵਿੱਚ ਹੱਤਿਆ, ਹੱਤਿਆ ਦੀ ਕੋਸ਼ਿਸ਼, ਜ਼ਬਰੀ ਵਸੂਲੀ ਅਤੇ ਹਮਲੇ ਸਮੇਤ 24 ਤੋਂ ਵੱਧ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ।

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲੈਂਗਾ, ਅਤੇ ਕੋਈ ਵੀ ਡੀਜ਼ਾਈਨਰ ਸੂਟ ਸਵੌਣ ਲਈ ਸੰਪਰਕ ਕਰੋ:

01191-9779100149



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8






CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਉਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
DUNDAS · JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

WWW.KULWINDERCHHINA.COM
MULTI AWARD WINNER
REALTOR



KULWINDERCHHINA
BROKER
647.293.2327

STARLANE PAINTING
Residential ▪ Commercial ▪ Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## ਲੜਕੀ ਦੀ ਲੋੜ

ਸੁਨਿਆਰਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਵਾਸਤੇ ਪੰਜਾਬੀ ਲੜਕੀ ਦੀ ਲੋੜ ਹੈ ਲੜਕੇ ਦੀ ਉਮਰ 36 ਸਾਲ, ਕੱਦ 5' 11", MSc Computer Science, ਕੈਨੇਡੀਅਨ ਪੀ. ਆਰ. Web Developer ਦੀ ਚੰਗੀ ਜੋਬ ਕਰ ਰਿਹਾ ਹੈ।
ਸੰਪਰਕ ਕਰੋ: ਮਨੋਹਰ ਸਿੰਘ ਵਿਰਦੀ 416-671-1214

ਜੱਟ ਸਿਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569567850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976



A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

(905)793-2202
You can Place Your Business Here
To Reach Wider Audience



For more info Call 905-793-2202 or e-mail ads@punjabipost.ca

# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION



ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਨਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਨਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਹੁੰਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST

- -Credit Card Debts
- -Personal Loans
- -Pay Day Loans
- -Student Loans

- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH GUARANTEE

Advertisement GUARANTEED Till SOLD

# JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਿਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017